ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004 www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com

ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 33, Issue No. 32, Ending Date:Aug 07, 2026

LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Cell: 253-223-3717

## ਮਨੀਪੁਰ ਵਿੱਚ ਤਾਜ਼ਾ ਝੜਪਾਂ, ਖ਼ੂਨ-ਖਰਾਬਾ, ਵਧਦੀ ਬੇਚੈਨੀ ਦਾ ਪਰਦਾਫਾਸ਼

ਇੰਫਾਲ: ਭਾਰਤੀ ਫੌਜਾਂ ਦੁਆਰਾ ਕੀਤੇ ਗਏ ਇੱਕ ਆਪ੍ਰੇਸ਼ਨ ਵਿੱਚ ਇੱਕ ਪਿੰਡ ਦੇ ਸਵੈ-ਸੇਵਕ ਦੀ ਮੌਤ ਅਤੇ ਇੱਕ ਹੋਰ ਜ਼ਖਮੀ ਹੋਣ ਤੋਂ ਬਾਅਦ ਭਾਰਤੀ ਰਾਜ ਮਨੀਪੁਰ ਵਿੱਚ ਤਾਜ਼ਾ ਹਿੰਸਾ ਭੜਕ ਗਈ, ਜਿਸ ਨਾਲ ਕਬਾਇਲੀ ਭਾਈਚਾਰਿਆਂ ਦੁਆਰਾ ਵਿਆਪਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਅਤੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਦੇ ਤਹਿਤ ਨਿਰੰਤਰ ਅਸਥਿਰਤਾ ਦਾ ਪਰਦਾਫਾਸ਼ ਕੀਤਾ ਗਿਆ।

ਇਹ ਘਟਨਾ ਨੋਨੇ ਜ਼ਿਲ੍ਹੇ ਦੇ ਬਿਟਿਆਂਗ ਪਿੰਡ ਵਿੱਚ ਵਾਪਰੀ ਜਦੋਂ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐਫ) ਦੇ ਕਰਮਚਾਰੀਆਂ ਸਮੇਤ ਭਾਰਤੀ ਫੌਜਾਂ ਨੇ ਇੱਕ ਆਪ੍ਰੇਸ਼ਨ ਸ਼ੁਰੂ ਕੀਤਾ ਜਿਸ ਦੇ ਨਤੀਜੇ ਵਜੋਂ ਸਥਾਨਕ ਪਿੰਡ ਦੇ ਵਲੰਟੀਅਰਾਂ ਨਾਲ ਗੋਲੀਬਾਰੀ ਹੋਈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਇੱਕ ਵਲੰਟੀਅਰ ਮਾਰਿਆ ਗਿਆ ਜਦੋਂ ਕਿ ਇੱਕ ਹੋਰ ਜ਼ਖਮੀ ਹੋ ਗਿਆ।

ਆਪ੍ਰੇਸ਼ਨ ਦੌਰਾਨ ਸੀਆਰਪੀਐਫ ਦੇ ਦੋ ਜਵਾਨਾਂ ਨੂੰ ਵੀ ਸਪਿਲੰਟਰ ਸੱਟਾਂ ਲੱਗੀਆਂ। ਇਸ ਹੱਤਿਆ ਨੇ ਸਥਾਨਕ ਕਬਾਇਲੀ ਭਾਈਚਾਰੇ ਦੇ ਮੈਂਬਰਾਂ ਵਿੱਚ ਤੁਰੰਤ ਰੋਸ ਪੈਦਾ ਕਰ ਦਿੱਤਾ, ਜਿਨ੍ਹਾਂ ਨੇ ਭਾਰਤੀ ਫੌਜਾਂ 'ਤੇ ਬਹੁਤ ਜ਼ਿਆਦਾ ਤਾਕਤ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਵਿਰੋਧ ਵਿੱਚ, ਨੋਨੇ ਦੀ ਸੰਯੁਕਤ ਕਬਾਇਲੀ ਕੌਂਸਲ ਦੀ ਵਰਕਿੰਗ ਕਮੇਟੀ ਨੇ ਫੌਜੀ ਆਪ੍ਰੇਸ਼ਨ ਦੀ ਨਿੰਦਾ ਕਰਦੇ ਹੋਏ ਅਤੇ ਜਵਾਬਦੇਹੀ ਦੀ ਮੰਗ ਕਰਦੇ ਹੋਏ ਜ਼ਿਲ੍ਹੇ ਭਰ ਵਿੱਚ ਹਾਈਵੇਅ, ਰੇਲਵੇ ਪ੍ਰੋਜੈਕਟਾਂ ਅਤੇ ਹੋਰ ਰਾਸ਼ਟਰੀ ਬੁਨਿਆਦੀ ਢਾਂਚੇ ਦੇ ਕੰਮਾਂ ਨੂੰ ਅਣਮਿੱਥੇ ਸਮੇਂ ਲਈ ਐਮਰਜੈਂਸੀ ਬੰਦ ਕਰਨ ਦਾ ਐਲਾਨ ਕੀਤਾ।

## ਭਾਰਤ ਦੀ ਹਾਕੀ ਟੀਮ ਦੀ ਨਿੱਕਰ-ਜਰਸੀ ਕੀਤੀ ਭਗਵੀਂ

ਨਵੀਂ ਦਿੱਲੀ:ਨੀਦਰਲੈਂਡ ਅਤੇ ਬੈਲਜੀਅਮ ਵਿੱਚ 15 ਤੋਂ 30 ਅਗਸਤ ਤੱਕ ਹੋਣ ਵਾਲੇ ਹਾਕੀ ਵਿਸ਼ਵ ਕੱਪ ਵਿੱਚ ਭਾਰਤੀ ਪੁਰਸ਼ ਅਤੇ ਮਹਿਲਾ ਟੀਮਾਂ ਆਪਣੀ ਰਵਾਇਤੀ ਨੀਲੀ ਕਿੱਟ ਦੀ ਬਜਾਏ ਕੇਸਰੀ (ਭਗਵਾ) ਰੰਗ ਦੀਆਂ ਜਰਸੀਆਂ ਵਿੱਚ ਨਜ਼ਰ ਆਉਣਗੀਆਂ। ਰੰਗ ਵਿੱਚ ਕੀਤੇ ਗਏ ਇਸ ਬਦਲਾਅ 'ਤੇ ਸਾਬਕਾ ਕਪਤਾਨ ਵੀਰੇਨ ਰਸਕਿਨਾ ਨੇ ਸਵਾਲ ਉਠਾਏ ਹਨ, ਜਦਕਿ ਹਾਕੀ ਇੰਡੀਆ ਨੇ ਇਸ ਨੂੰ ਤਕਨੀਕੀ ਲੋੜ ਦੱਸਦਿਆਂ ਆਪਣੇ ਫੈਸਲੇ ਦਾ ਬਚਾਅ ਕੀਤਾ ਹੈ। ਹਾਕੀ ਇੰਡੀਆ ਨੇ ਆਪਣੇ ਸੋਸ਼ਲ ਮੀਡੀਆ ਪੇਜਾਂ 'ਤੇ ਨਵੀਂ ਜਰਸੀ ਨੂੰ ਜਾਰੀ ਕਰਦਿਆਂ ਕਿਹਾ ਕਿ ਇਸ ਦਾ ਡਿਜ਼ਾਈਨ ਅਤੇ ਰੰਗ 'ਇੱਕ ਕਹਾਣੀ ਬਿਆਨ ਕਰਦਾ ਹੈ' ਅਤੇ 'ਭਾਰਤ ਦੇ ਮਾਣ' ਨੂੰ ਦਰਸਾਉਂਦਾ ਹੈ। ਇਸ ਫੈਸਲੇ ਨੂੰ ਖਿਡਾਰੀਆਂ ਅਤੇ ਸਪੋਰਟਸ ਸਟਾਫ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਅੰਤਮ ਰੂਪ ਦਿੱਤਾ ਗਿਆ ਸੀ। ਹਾਕੀ ਇੰਡੀਆ ਨੇ ਕਿਹਾ ਕਿ ਕੇਸਰੀ ਰੰਗ ਹਿੰਮਤ, ਕੁਰਬਾਨੀ ਅਤੇ ਜਿੱਤ ਦਾ ਪ੍ਰਤੀਕ ਹੈ।



Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

BARRETT FINANCIAL GROUP
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੋਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
BARRETT FINANCIAL GROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888, 425-420-1889

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-ਇਮੀਗਰੇਸ਼ਨ/ਪੁਲਿਟਿਕਲ ਅਸਾਈਲਮ, ਯੂ-ਵੀਜ਼ਾ, ਵਾਅਵਾ
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪਰਸਨਲ ਇਨਜਰੀ
-ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

John L. Scott REAL ESTATE
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

JK Tire Wholesaler
CASCADE Truck & RV Wash
Located next to Love Travel Center, 1-90 Exit 106, 1608 HWY 97 Ellensburg.WA
ਜਸਬੀਰ ਸਿੰਘ ਰੀਹਲ 206-235-2168
Ph: 509.925.9273
50 ਟਰੇਲਰ ਟਾਇਰਾਂ ਦੀ ਡੀਲ $230/ਟਾਇਰ
ਕੁਲਬੀਰ ਸਿੰਘ ਰੀਹਲ 206-245-0114

ਖ਼ੁਸ਼ਖਬਰੀ! ਖ਼ੁਸ਼ਖਬਰੀ! ਖ਼ੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell: 206-446-9366
Office: 253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY
Email: sakatersingh@yahoo.com

Ozone Roofing LLC
Seattle, Tacoma & Everett ਵਿਚ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੀ ਰੂਫਿੰਗ ਦਾ ਕੰਮ ਤਸੱਲੀਬਖਸ਼ ਕਰਦੇ ਹਾਂ
Free Estimate
For Best Quotes Contact:
JD Singh 1-253-350-0341
Licensed, Bonded & Insured

FOREVER ROOFING
Licensed, Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax — ਬਿਜ਼ਨਸ ਅਤੇ ਪਰਸਨਲ ਟੈਕਸ, ਹੈਲਥ ਪਲੈਨਜ਼,
•Indian Visa & OCI Applications — ਇੰਮੀਗਰੇਸ਼ਨ ਫਾਰਮ ਭਰਨ ਵਿਚ ਮੱਦਦ,
•Health Plans — ਇੰਡੀਅਨ ਵੀਜ਼ਾ & ਓਸੀਆਈ ਵਿਚ ਮੱਦਦ
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

BALBIR SINGH NIJJAR
Senior Loan Originator
Wize Mortgage
ਮੌਰਗੇਜ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


Reshmi's Group
ETHINIC FOOD DISTRIBUTOR
QUALITY GUARANTEED
Kitchen Essentials for Restaurants & Homes
MEETS ALL YOUR PROFESSIONAL NEEDS
SS COOKING POT
SS COOKING POT
WITH HANDLE
SS KADHAI
SS FLAT TAWA
SS JALEBI TAWA
AVAILABLE IN ALL DIFFERENT SIZES & WITH LIDS
ALUMINIUM POTS
BRASS POTS
COPPER LAGAN
MUCH MORE RANGE OF PRODUCTS AVAILABLE.
BUY NOW
For Wholesale & Retail Orders :
1120 Andover Park E,Tukwila, WA 98188,T: (206) 575-0050,
E: sales@reshmisgroup.com.




DIAMONDS!
Diamond Necklace
Wedding Sets
and
Wedding Rings
50% off
Come see our collection
ਡਾਇਮੰਡਜ !
ਅਸੀਂ ਹਣ ਡਾਇਮੰਡ ਨੈਕ੍ਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ
50% off
ਆ ਕੇ ਕੁਲੈਕਸ਼ਨ ਦੇਖੋ

Season Special!
Visit our store for special pricing when buying
50 grams or more of 22k Gold Jewelry!
ਸੀਜਨ ਸਪੈਸ਼ਲ !
ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

CASH FOR GOLD
ਸੋਨੇ ਬਦਲੇ ਡਾਲਰ ਲਉ
ਸਾਡੀਆਂ ਕੀਮਤਾਂ ਬਹੁਤ ਘੱਟ ਹਨ

TAJ JEWELERS

TRADE YOUR OLD GOLD FOR NEW JEWELRY
ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ

UNIQUELY DESIGNED 22KT GOLD JEWELRY
WE SELL FOR LESS
ਤਾਜ਼ ਜਿਊਲਰਜ਼
22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ
Ph:253-981-3071
10120 SE 260th St. Suite 110, Kent, WA 98030
Open: 7 Days Tuesday to Sunday 11am to 7pm, Mon 11am to 6pm
ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਵਿਦਿਆਰਥੀਆਂ ਦਾ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤਮਈ ਸੀ ਤੇ ਲੋਕਤੰਤਰ ’ਚ ਅੰਦੋਲਨ ਹੁੰਦੇ ਰਹਿਣਗੇ:ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਵਿੱਚ ਪ੍ਰਦਰਸ਼ਨਕਾਰੀ ਵਿਦਿਆਰਥੀਆਂ ‘ਤੇ ਪੁਲਿਸ ਕਾਰਵਾਈ ਨਾਲ ਜੁੜੀਆਂ ਪਟੀਸ਼ਨਾਂ ‘ਤੇ ਸੁਣਵਾਈ ਜਾਰੀ ਹੈ । ਕੋਰਟ ਨੇ ਕਿਹਾ ਕਿ ਵਿਦਿਆਰਥੀਆਂ ਦਾ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤਮਈ ਸੀ, ਜੋ ਸੰਵਿਧਾਨਕ ਦਾਇਰੇ ਵਿੱਚ ਆਪਣੀ ਮੰਗ ਚੁੱਕ ਰਹੇ ਸਨ । ਲੋਕਤੰਤਰ ਵਿੱਚ ਅੰਦੋਲਨ ਹੁੰਦੇ ਰਹਿਣਗੇ, ਇਸ ਲਈ ਅਜਿਹੇ ਮਾਮਲਿਆਂ ਵਿੱਚ ਪੁਲਿਸ ਕਾਰਵਾਈ ਦੇ ਸਪੱਸ਼ਟ ਮਿਆਰ ਤੈਅ ਹੋਣੇ ਚਾਹੀਦੇ ਹਨ । ਕੋਰਟ ਨੇ ਇਹ ਵੀ ਕਿਹਾ ਕਿ ਜਿਸ ਨੇ ਵੀ ਲੋੜ ਤੋਂ ਵੱਧ ਤਾਕਤ ਦੀ ਵਰਤੋਂ ਕੀਤੀ ਹੈ, ਉਸ ਦੇ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ।ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਪਟੀਸ਼ਨਰਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਕਿਹਾ ਕਿ ਮਾਮਲਾ ਸਿਰਫ਼ ਦਿੱਲੀ ਦਾ ਨਹੀਂ, ਸਗੋਂ ਮੱਧ ਪ੍ਰਦੇਸ਼, ਨਾਗਪੁਰ, ਬਿਹਾਰ ਸਮੇਤ ਕਈ ਰਾਜਾਂ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਅਤੇ ਪੁਲਿਸ ਕਾਰਵਾਈ ਨਾਲ ਜੁੜਿਆ ਹੈ।ਸੁਣਵਾਈ ਦੌਰਾਨ ਚੀਫ਼ ਜਸਟਿਸ ਆਫ਼ ਇੰਡੀਆ ਸੂਰਿਆ ਕਾਂਤ ਨੇ ਕਿਹਾ ਕਿ ਪਟੀਸ਼ਨਾਂ ਵਿੱਚ ਪੈਲੇਟ ਗੰਨ, ਇਲੈਕਟ੍ਰਿਕ ਬੈਟਨ, ਲਾਠੀਚਾਰਜ, ਅੱਥਰੂ ਗੈਸ ਅਤੇ ਪੱਤਰਕਾਰ ਔਰਤਾਂ ਨਾਲ ਕਥਿਤ ਮਾਰਕੁੱਟ ਵਰਗੇ ਗੰਭੀਰ ਦੋਸ਼ ਲਗਾਏ ਗਏ ਹਨ। ਇਨ੍ਹਾਂ ਦੋਸ਼ਾਂ ਦੀ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਜਾਂਚ ਕਰਵਾਈ ਜਾਵੇਗੀ। ਚੀਫ਼ ਜਸਟਿਸ ਆਫ਼ ਇੰਡੀਆ ਨੇ ਕਿਹਾ ਕਿ ਜੇਕਰ ਜਵਾਬਦੇਹੀ ਤੈਅ ਨਹੀਂ ਹੋਵੇਗੀ, ਤਾਂ ਜਾਂਚ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ।

# ਭਾਰਤ ਨੂੰ ‘ਦੀ ਨਿਊਯਾਰਕ ਟਾਈਮਜ਼’ ਦੀ ਸੁਰਖੀ ‘ਤੇ ਸਖਤ ਇਤਰਾਜ਼

ਨਵੀਂ ਦਿੱਲੀ: ਭਾਰਤ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ ਨੂੰ ‘ਪਾਕਿਸਤਾਨੀ ਕਸ਼ਮੀਰ’ ਵਜੋਂ ਦਰਸਾਉਣ ਲਈ ‘ਦੀ ਨਿਊ ਯਾਰਕ ਟਾਈਮਜ਼’ ਵਿਰੁੱਧ ਸਖਤ ਇਤਰਾਜ਼ ਪ੍ਰਗਟਾਇਆ ਹੈ ਅਤੇ ਦੁਹਰਾਇਆ ਹੈ ਕਿ ਇਹ ਖੇਤਰ ਭਾਰਤ ਦਾ ਅਨਿੱਖੜਵਾਂ ਅੰਗ ਹੈ।ਅਮਰੀਕੀ ਅਖਬਾਰ ਵੱਲੋਂ ਆਪਣੀ ਇੱਕ ਤਾਜ਼ਾ ਰਿਪੋਰਟ ਵਿੱਚ ਵਰਤੀ ਗਈ ਸੁਰਖੀ ‘ਤੇ ਇਤਰਾਜ਼ ਪ੍ਰਗਟ ਕਰਦਿਆਂ ਅਮਰੀਕਾ ਵਿੱਚ ਭਾਰਤੀ ਦੂਤਾਵਾਸ ਨੇ ਇਸ ਸ਼ਬਦਾਵਲੀ ਨੂੰ ਗੁੰਮਰਾਹਕੁੰਨ ਅਤੇ ਗਲਤ ਕਰਾਰ ਦਿੱਤਾ।

ਐੱਕਸ ‘ਤੇ ਇੱਕ ਪੋਸਟ ਵਿੱਚ ਦੂਤਾਵਾਸ ਨੇ ਕਿਹਾ, ‘ਕੋਈ ਪਾਕਿਸਤਾਨੀ ਕਸ਼ਮੀਰ ਨਹੀਂ ਹੈ, ਸਿਰਫ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ ਹਮੇਸ਼ਾ ਤੋਂ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ ਰਹੇ ਹਨ ਅਤੇ ਹਮੇਸ਼ਾ ਰਹਿਣਗੇ।

# ਸਾਬਕਾ ਐਨਡੀਪੀ ਆਗੂ ਦਾ ਨਾਂ ਸਭ ਤੋਂ ਅੱਗੇ ਅਧਿਕਾਰਕ ਐਲਾਨ ਦੀ ਉਡੀਕ



ਓਟਾਵਾ: ਕੈਨੇਡਾ ਦੀ ਸਾਬਕਾ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਦਾ ਨਾਮ ਫੈਡਰਲ ਟੂਰਿਜ਼ਮ ਏਜੰਸੀ ਡੈਸਟੀਨੇਸ਼ਨ ਕੈਨੇਡਾ ਦੇ ਨਵੇਂ ਮੁੱਖ ਕਾਰਜਕਾਰੀ ਅਧਿਕਾਰੀ ਲਈ ਸਭ ਤੋਂ ਮਜ਼ਬੂਤ ਦਾਅਵੇਦਾਰ ਵਜੋਂ ਸਾਹਮਣੇ ਆ ਰਿਹਾ ਹੈ। ਸਿਆਸੀ ਅਤੇ ਪ੍ਰਸ਼ਾਸਕੀ ਹਲਕਿਆਂ ਵਿੱਚ ਚਰਚਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧੀ ਅਧਿਕਾਰਕ ਐਲਾਨ ਹੋ ਸਕਦਾ ਹੈ।

ਜਗਮੀਤ ਸਿੰਘ ਪੇਸ਼ੇ ਤੋਂ ਵਕੀਲ ਹਨ ਅਤੇ 2017 ਤੋਂ 2025 ਤੱਕ ਐਨਡੀਪੀ ਦੀ ਅਗਵਾਈ ਕਰਦੇ ਰਹੇ। ਇਸ ਦੌਰਾਨ ਉਹ ਬਰਨਬੀ ਤੋਂ ਸੰਸਦ ਮੈਂਬਰ ਵੀ ਚੁਣੇ ਗਏ ਅਤੇ ਸੰਘੀ ਰਾਜਨੀਤੀ ਵਿੱਚ ਆਪਣੀ ਵੱਖਰੀ ਪਛਾਣ ਬਣਾਈ।

ਸੂਤਰਾਂ ਮੁਤਾਬਕ, ਡੈਸਟੀਨੇਸ਼ਨ ਕੈਨੇਡਾ ਦੇ ਸੀਈਓ ਦੇ ਅਹੁਦੇ ਲਈ ਉਨ੍ਹਾਂ ਦਾ ਪ੍ਰਸ਼ਾਸਕੀ ਅਤੇ ਲੀਡਰਸ਼ਿਪ ਅਨੁਭਵ ਅਹਿਮ ਮੰਨਿਆ ਜਾ ਰਿਹਾ ਹੈ। ਹਾਲਾਂਕਿ ਕੁਝ ਹਲਕਿਆਂ ਵੱਲੋਂ ਉਨ੍ਹਾਂ ਦੇ ਸਿਆਸੀ ਪਿਛੋਕੜ ਨੂੰ ਲੈ ਕੇ ਸਵਾਲ ਵੀ ਉਠਾਏ ਜਾ ਰਹੇ ਹਨ, ਪਰ ਕਾਨੂੰਨੀ ਅਤੇ ਜਨਤਕ ਜੀਵਨ ਦੇ ਤਜਰਬੇ ਨੂੰ ਉਨ੍ਹਾਂ ਦੀ ਵੱਡੀ ਤਾਕਤ ਮੰਨਿਆ ਜਾ ਰਿਹਾ ਹੈ।ਡੈਸਟੀਨੇਸ਼ਨ ਕੈਨੇਡਾ ਫੈਡਰਲ ਸਰਕਾਰ ਦੀ ਉਹ ਏਜੰਸੀ ਹੈ ਜੋ ਵਿਸ਼ਵ ਪੱਧਰ ‘ਤੇ ਕੈਨੇਡਾ ਨੂੰ ਸੈਰ-ਸਪਾਟਾ ਮੰਜ਼ਿਲ ਵਜੋਂ ਉਤਸ਼ਾਹਿਤ ਕਰਦੀ ਹੈ। ਦੇਸ਼ ਦੀ ਅਰਥਵਿਵਸਥਾ ਵਿੱਚ ਟੂਰਿਜ਼ਮ ਖੇਤਰ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਲੱਖਾਂ ਲੋਕ ਸਿੱਧੇ ਜਾਂ ਅਸਿੱਧੇ ਤੌਰ ‘ਤੇ ਇਸ ਉਦਯੋਗ ਨਾਲ ਜੁੜੇ ਹੋਏ ਹਨ।ਜੇਕਰ ਜਗਮੀਤ ਸਿੰਘ ਦੀ ਨਿਯੁਕਤੀ ਹੁੰਦੀ ਹੈ ਤਾਂ ਇਹ ਉਨ੍ਹਾਂ ਦੀ ਸਰਗਰਮ ਰਾਜਨੀਤੀ ਤੋਂ ਬਾਅਦ ਇੱਕ ਮਹੱਤਵਪੂਰਨ ਪ੍ਰਸ਼ਾਸਕੀ ਜ਼ਿੰਮੇਵਾਰੀ ਹੋਵੇਗੀ। ਹਾਲਾਂਕਿ ਇਸ ਮਾਮਲੇ ਵਿੱਚ ਹਾਲੇ ਤੱਕ ਕੈਨੇਡਾ ਸਰਕਾਰ ਜਾਂ ਡੈਸਟੀਨੇਸ਼ਨ ਕੈਨੇਡਾ ਵੱਲੋਂ ਕੋਈ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care

New & Emergency Patients Welcome




-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry

ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA


PUNJABI CULTURAL SOCIETY
ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮੇਲਾ 2026
PUNJABI MELA
پنجابی میلہ
FREE ENTRY
SURPRISE GUEST
Singers
Avtar Billa
Balbir Lehra
Machla Jatt
Pritam Brar
Parminder Swaich
Surjeet Bains
Auburn PAC 702 4th St NE, Auburn Wa 98002
AUGUST, 22, 2026
12pm to 5pm
Contact for: Sponsorship and Stall
(206) 250-9163, (206) 856-0274
(206)734-0794
punjabicultural@yahoo.com
Media Partnaer
ਸਾਡਾ SADDA TV USA
Bhangra, Gidha, DJ,
Family Support Services,
Jewelry & Clothing StallTurban Tying ,
Book Stall and More
Highlights
ਭੰਗੜਾ, ਗਿੱਧਾ, ਡੀਜੇ,
ਪਰਿਵਾਰਕ ਸਹਾਇਤਾ ਸੇਵਾ, ਗਹਿਣਾਂ ਗੱਟਾ,
ਕਪੜੇ ਲੀੜੇ, ਕਿਤਾਬਾਂ, ਪੱਗਾਂ ਦੀ ਸਿਖਲਾਈ
ਅਤੇ ਹੋਰ ਬਹੁਤ ਕੁਝ

# ਕੈਨੇਡਾ ਵਾਲਿਆਂ ਦੇ ਗੇੜੇ ਘਟਣ ਕਰ ਕੇ ਅਮਰੀਕਾ ਨੂੰ ਅਰਬਾਂ ਡਾਲਰ ਦਾ ਨੁਕਸਾਨ

ਸਿਐਟਲ: ਕੈਨੇਡਾ ਵਾਲਿਆਂ ਦੇ ਅਮਰੀਕਾ ਗੇੜੇ ਘਟਣ ਕਰ ਕੇ ਸੈਰ ਸਪਾਟਾ ਉਦਯੋਗ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਰਿਹਾ ਹੈ ਪਰ ਵਾਈਟ ਹਾਊਸ ਦਾ ਕਹਿਣਾ ਹੈ ਕਿ ਫ਼ੀਫਾ ਵਰਲਡ ਕੱਪ ਰਾਹੀਂ ਇਸ ਨੁਕਸਾਨ ਦੀ ਭਰਪਾਈ ਬਾਖ਼ੂਬੀ ਹੋ ਚੁੱਕੀ ਹੈ। ਤਾਜ਼ਾ ਅੰਕੜਿਆਂ ਮੁਤਾਬਕ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਕੈਨੇਡੀਅਨਜ਼ ਨੇ ਅਮਰੀਕਾ ਵਿਚ 15 ਅਰਬ ਡਾਲਰ ਤੋਂ ਵੱਧ ਰਕਮ ਖ਼ਰਚ ਕੀਤੀ ਪਰ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਅੰਕੜਾ 13 ਅਰਬ ਡਾਲਰ ਤੋਂ ਹੇਠਾਂ ਆ ਗਿਆ। ਵੱਖ ਵੱਖ ਮੀਡੀਆ ਰਿਪੋਰਟਾਂ ਵਿਚ ਘਾਟੇ ਦੀ ਰਕਮ ਵੱਖੋ ਵੱਖਰੀ ਦੱਸੀ ਜਾ ਰਹੀ ਹੈ।ਟਰੰਪ ਦੀਆਂ ਨੀਤੀਆਂ ਬਣੀਆਂ ਮੁੱਖ ਕਾਰਨ ਦਾ ਗਾਰਡੀਅਨ ਦੀ ਰਿਪੋਰਟ ਵਿਚ ਅਮਰੀਕਾ ਦਾ ਨੁਕਸਾਨ 3.3 ਅਰਬ ਡਾਲਰ ਦੱਸਿਆ ਗਿਆ ਹੈ ਜਦਕਿ ਇਕ ਰਿਪੋਰਟ 5 ਪੰਜ ਅਰਬ ਡਾਲਰ ਤੱਕ ਦੇ ਨੁਕਸਾਨ ਦਾ ਜ਼ਿਕਰ ਕਰ ਰਹੀ ਹੈ। ਕੈਨੇਡਾ ਸਰਕਾਰ ਦੇ ਅੰਕੜੇ ਕਹਿੰਦੇ ਹਨ ਕਿ 2024 ਦੇ ਮੁਕਾਬਲੇ 2025 ਦੌਰਾਨ ਕੈਨੇਡੀਅਨਜ਼ ਦੇ ਅਮਰੀਕਾ ਗੇੜਿਆਂ ਵਿਚ 7 ਮਿਲੀਅਨ ਦੀ ਕਮੀ ਆਈ। ਇਸ ਦੇ ਉਲਟ ਕੈਨੇਡਾ ਵਾਲਿਆਂ ਨੇ ਆਪਣੇ ਮੁਲਕ ਵਿਚ ਸੈਰ ਸਪਾਟੇ ਨੂੰ ਤਰਜੀਹ ਦਿਤੀ ਅਤੇ ਅਰਥਚਾਰੇ ਨੂੰ ਹੁਲਾਰਾ ਦੇਣ ਵਿਚ ਸਫ਼ਲ ਰਹੇ। ਡੌਨਲਡ ਟਰੰਪ ਦੀਆਂ ਇੰਮੀਗ੍ਰੇਸ਼ਨ ਨੀਤੀਆਂ, ਕੈਨੇਡੀਅਨ ਉਤਪਾਦਾਂ ਉਤੇ ਟੈਰਿਫ਼ਸ ਅਤੇ ਕੈਨੇਡਾ ਨੂੰ ਵਾਰ ਵਾਰ 51ਵਾਂ ਸੂਬਾ ਦੱਸਣ ਕਰ ਕੇ ਕੈਨੇਡੀਅਨਜ਼ ਦਾ ਮਨ ਖੱਟਾ ਹੋਇਆ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ ਲੇਟੈਸਟ ਡਿਜ਼ਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਆਸਟ੍ਰੇਲੀਆ ਦੇ ਵਰਜੀਨੀਆ ’ਚ ਗੁਰਦੁਆਰਾ ਦਸਮੇਸ਼ ਦਰਬਾਰ ’ਚ ਲੱਗੀ ਅੱਗ



ਵਰਜੀਨੀਆ:ਦੱਖਣੀ ਆਸਟਰੇਲੀਆ ਦੇ ਵਰਜੀਨੀਆ ਸ਼ਹਿਰ ’ਚ ਐਤਵਾਰ ਰਾਤ ਵਾਪਰੇ ਇਕ ਦਰਦਨਾਕ ਹਾਦਸੇ ’ਚ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਦੀ ਵਿਸ਼ਾਲ ਇਮਾਰਤ ਭਿਆਨਕ ਅੱਗ ਲੱਗਣ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਅਗਨੀਕਾਂਡ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਜਿਸ ਨਾਲ ਪੂਰੇ ਵਿਸ਼ਵ ਦੀ ਸਿੱਖ ਸੰਗਤ ’ਚ ਸੋਗ ਦੀ ਲਹਿਰ ਫੈਲ ਗਈ ਹੈ।ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਮੁੱਖ ਹਾਲ ਦੀ ਛੱਤ ਪਾਲਕੀ ਸਾਹਿਬ ਦੇ ਉੱਪਰ ਡਿੱਗ ਜਾਣ ਕਾਰਨ ਪਾਵਨ ਸਰੂਪਾਂ ਦੀ ਮੌਜੂਦਾ ਸਥਿਤੀ ਬਾਰੇ ਫਿਲਹਾਲ ਕੁਝ ਵੀ ਸਪੱਸ਼ਟ ਕਹਿਣਾ ਜਲਦਬਾਜ਼ੀ ਹੋਵੇਗੀ । ਰਾਹਤ ਤੇ ਬਚਾਅ ਟੀਮਾਂ ਵੱਲੋਂ ਡਿੱਗੀ ਹੋਈ ਛੱਤ ਨੂੰ ਕੱਟ ਕੇ ਹਟਾਉਣ ਦੇ ਯਤਨ ਲਗਾਤਾਰ ਜਾਰੀ ਹਨ, ਜਿਸ ਤੋਂ ਬਾਅਦ ਹੀ ਪਾਵਨ ਸਰੂਪਾਂ ਦੀ ਸਹੀ ਸਥਿਤੀ ਦਾ ਪਤਾ ਲੱਗ ਸਕੇਗਾ। ਦੂਜੇ ਪਾਸੇ ਸਥਾਨਕ ਪ੍ਰਸ਼ਾਸਨ ਤੇ ਪੁਲੀਸ ਨੇ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਅੱਗ ਐਤਵਾਰ ਰਾਤ ਲਗਭਗ 10.30 ਵਜੇ (ਆਸਟਰੇਲੀਆਈ ਸਮੇਂ ਅਨੁਸਾਰ) ਲੰਗਰ ਹਾਲ ਦੀ ਰਸੋਈ ’ਚੋਂ ਸ਼ੁਰੂ ਹੋਈ। ਦੇਖਦੇ ਹੀ ਦੇਖਦੇ ਅੱਗ ਦੀਆਂ ਭਿਆਨਕ ਲਪਟਾਂ ਨੇ ਲੰਗਰ ਹਾਲ ਤੋਂ ਹੁੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਦੀਵਾਨ ਹਾਲ ਤੱਕ ਪਹੁੰਚ ਗਈ।ਦੱਸਿਆ ਜਾ ਰਿਹਾ ਹੈ ਕਿ ਹਾਦਸੇ ਤੋਂ ਕੁਝ ਸਮਾਂ ਪਹਿਲਾਂ ਹੀ, ਯਾਨੀ ਰਾਤ 9.30 ਵਜੇ ਦੇ ਕਰੀਬ, ਐਤਵਾਰ ਦਾ ਰਾਤਰੀ ਦੀਵਾਨ ਸਮਾਪਤ ਹੋਇਆ ਸੀ ।

ਅੱਗ ਇੰਨੀ ਜ਼ਿਆਦਾ ਭਿਆਨਕ ਸੀ ਕਿ ਲੰਗਰ ਹਾਲ ਦੀ ਇਮਾਰਤ ਦੇ ਅੰਦਰ ਕਈ ਜ਼ੋਰਦਾਰ ਧਮਾਕੇ ਵੀ ਸੁਣੇ ਗਏ। ਅੱਗ ਦੀਆਂ ਲਪਟਾਂ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਇੱਕ ਵੱਡਾ ਹਿੱਸਾ ਕੁਝ ਹੀ ਸਮੇਂ ਵਿੱਚ ਢਹਿ-ਢੇਰੀ ਹੋ ਗਿਆ।

# ਰਾਸ਼ਟਰਮੰਡਲ ਖੇਡਾਂ 2026:ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਗੁਰਿੰਦਰਵੀਰ ਸਿੰਘ ਤਮਗੇ ਤੋਂ ਖੁੰਝਿਆ




ਨਵੀਂ ਦਿੱਲੀ:ਰਾਸ਼ਟਰਮੰਡਲ ਖੇਡਾਂ 2026 ਵਿਚ ਭਾਰਤ ਦੇ ਸਭ ਤੋਂ ਤੇਜ਼ ਐਥਲੀਟ ਅਤੇ ਰਾਸ਼ਟਰੀ ਰਿਕਾਰਡਧਾਰਕ ਗੁਰਿੰਦਰਵੀਰ ਸਿੰਘ ਦਾ ਸਫ਼ਰ ਹੀਟ ਗੇੜ ਵਿਚ ਹੀ ਖ਼ਤਮ ਹੋ ਗਿਆ ਹੈ। ਗਲਾਸਗੋ ਵਿਚ ਹੋਈ ਪੁਰਸ਼ਾਂ ਦੀ 100 ਮੀਟਰ ਦੌੜ ਦੀ ਹੀਟ ਵਿਚ ਉਹ ਅਪਣੀ ਰੇਸ ਵਿਚ ਦੂਜੇ ਨੰਬਰ ‘ਤੇ ਰਹੇ ਪਰ ਸੈਮੀਫ਼ਾਈਨਲ ਵਿਚ ਜਗ੍ਹਾ ਬਣਾਉਣ ਤੋਂ ਖੁੰਝ ਗਏ। ਗੁਰਿੰਦਰਵੀਰ ਨੇ ਅਪਣੀ ਹੀਟ 10.39 ਸਕਿੰਟ ਵਿਚ ਪੂਰੀ ਕੀਤੀ। ਜਮੈਕਾ ਦੇ ਰੋਹਨ ਵਾਟਸਨ ਨੇ ਇਹ ਹੀਟ 10.13 ਸਕਿੰਟ ਦਾ ਸਮਾਂ ਕੱਢ ਕੇ ਪਹਿਲੇ ਸਥਾਨ ‘ਤੇ ਜਿੱਤੀ।ਸਾਰੀਆਂ 11 ਹੀਟਾਂ ਦੇ ਕੁੱਲ ਨਤੀਜਿਆਂ ਤੋਂ ਬਾਅਦ ਗੁਰਿੰਦਰਵੀਰ 28ਵੇਂ ਸਥਾਨ ‘ਤੇ ਰਹੇ। ਇਸੇ ਸਾਲ ਫ਼ੈਡਰੇਸ਼ਨ ਕੱਪ ਦੌਰਾਨ 10,09 ਸਕਿੰਟ ਦਾ ਰਾਸ਼ਟਰੀ ਰਿਕਾਰਡ ਬਣਾ ਕੇ 10.10 ਸਕਿੰਟ ਦੀ ਰੁਕਾਵਟ ਤੋੜਨ ਵਾਲੇ ਗੁਰਿੰਦਰਵੀਰ ਪਹਿਲੇ ਭਾਰਤੀ ਬਣੇ ਸਨ। ਇਸ ਬਿਹਤਰੀਨ ਪ੍ਰਦਰਸ਼ਨ ਕਰ ਕੇ ਉਨ੍ਹਾਂ ਤੋਂ ਰਾਸ਼ਟਰਮੰਡਲ ਖੇਡਾਂ ਵਿਚ ਵੀ ਵੱਡੀਆਂ ਉਮੀਦਾਂ ਸਨ। ਭਾਵੇਂਕਿ ਉਹਨਾਂ ਦੀ ਸ਼ੁਰੂਆਤ ਵਧੀਆ ਸੀ ਪਰ ਆਖ਼ਰੀ ਮੀਟਰਾਂ ਵਿਚ ਉਹ ਅਪਣੀ ਰਫ਼ਤਾਰ ਬਰਕਰਾਰ ਨਹੀਂ ਰੱਖ ਸਕੇ।

# ਬੀ.ਸੀ. ਵਿੱਚ ਵਿਸਫੋਟਕ ਪਦਾਰਥ, ਹਥਿਆਰ ਤੇ ਨਸ਼ਾ ਬਣਾਉਣ ਵਾਲੀ ਲੈਬ ਜ਼ਬਤ





ਐਬਟਸਫੋਰਡ:- ਬੀ.ਸੀ. ਦੀ ਗੈਂਗ-ਵਿਰੋਧੀ ਏਜੰਸੀ ਨੇ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, 44 ਬੰਦੂਕਾਂ ਜ਼ਬਤ ਕੀਤੀਆਂ ਹਨ ਅਤੇ ਐਬਟਸਫੋਰਡ ਦੇ ਪੇਂਡੂ ਖੇਤਰ ਵਿੱਚ ਇੱਕ ਵੱਡੇ ਪੱਧਰ ਦੀ ਗੁਪਤ ਡਰੱਗ ਲੈਬ ਨੂੰ ਢਾਹ ਦਿੱਤਾ ਹੈ।ਜਿਸ ਵਿੱਚ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ, ਦਰਜਨਾਂ ਹਥਿਆਰ ਅਤੇ 65 ਕਿਊਬ ਵਪਾਰਕ ਵਿਸਫੋਟਕ ਜ਼ਬਤ ਕੀਤੇ ਗਏ ਹਨ।ਆਰਸੀਐਮਪੀ ਸਾਰਜੈਂਟ ਸਰਬਜੀਤ ਸੰਘਾ ਨੇ ਕਿਹਾ ਕਿ ਵਿਸਫੋਟਕਾਂ ਦੀ ਖੋਜ ਖਾਸ ਤੌਰ ‘ਤੇ ਪਰੇਸ਼ਾਨ ਕਰਨ ਵਾਲੀ ਹੈ ।ਇਹਨਾਂ ਨੂੰ ਆਮ ਜਨਤਾ ਦੇ ਕਿਸੇ ਮੈਂਬਰ ਦੁਆਰਾ ਕਾਨੂੰਨੀ ਤੌਰ ‘ਤੇ ਖਰੀਦਿਆ, ਆਪਣੇ ਕੋਲ, ਸਟੋਰ ਜਾਂ ਵਰਤਿਆ ਨਹੀਂ ਜਾ ਸਕਦਾ। “ਇਸ ਜਾਂਚ ਨਾਲ ਜੁੜੀਆਂ ਜਨਤਕ ਸੁਰੱਖਿਆ ਚਿੰਤਾਵਾਂ ਨੂੰ ਕਾਫ਼ੀ ਵਧਾ ਦਿੱਤਾ ਹੈ,” ਉਨਾ ਦੱਸਿਆ ਕਿ ਡਰੱਗ ਲੈਬ ਨਿਰਮਾਣ ਅਧੀਨ ਸੀ ਅਤੇ ਅਜੇ ਤੱਕ ਗੈਰ-ਕਾਨੂੰਨੀ ਡਰੱਗਜ਼ ਦਾ ਉਤਪਾਦਨ ਸ਼ੁਰੂ ਨਹੀਂ ਕੀਤਾ ਸੀ।ਲੈਬ ਦੀਆਂ ਲਈਆਂ ਗਈਆਂ ਫੋਟੋਆਂ ਸਾਫ਼, ਵੱਡੇ ਖਾਣੇ ਪਕਾਉਣ ਵਾਲੇ ਘੜੇ, ਇੱਕ ਉਦਯੋਗਿਕ ਸਿੰਕ, ਕਈ ਖਾਲੀ ਬਾਲਟੀਆਂ ਮਿਲੀਆਂ ਹਨ।ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਮਈ ਵਿੱਚ ਐਬਟਸਫੋਰਡ, ਸਰੀ ਅਤੇ ਐਂਡਰਬੀ ਵਿੱਚ ਕਈ ਸਥਾਨਾਂ ਦੀ ਤਲਾਸ਼ੀ ਲੈਣ ਲਈ ਵਾਰੰਟਾਂ ਦੀ ਵਰਤੋਂ ਕੀਤੀ ਹੈ।ਐਬਟਸਫੋਰਡ ਵਿੱਚ ਇੱਕ ਪੇਂਡੂ ਜਾਇਦਾਦ ‘ਤੇ ਮਿਲੇ ਹਥਿਆਰਾਂ ਤੋਂ ਇਲਾਵਾ, ਪੁਲਿਸ ਨੂੰ ਨਸ਼ਿਆਂ ਦੀ ਇੱਕ ਲੰਬੀ ਸੂਚੀ ਮਿਲੀ, ਜਿਸ ਵਿੱਚ ਦੋ ਕਿਲੋ ਫੈਂਟਾਨਿਲ ਅਤੇ ਮੇਥਾਮਫੇਟਾਮਾਈਨ, 64 ਲੀਟਰ ਘੁਭ, ਕੋਕੀਨ, ਹੈਰੋਇਨ, ਮਡਾਮਾ, ਆਕਸੀਕੋਡੋਨ ਅਤੇ ਬੈਂਜੋਡਾਇਆਜ਼ੇਪੀਨ ਸ਼ਾਮਲ ਹਨ।ਉਸਨੇ ਕਿਹਾ ਕਿ ਪਾਬੰਦੀਸ਼ੁਦਾ ਹਥਿਆਰ ਨਿੱਜੀ ਤੌਰ ‘ਤੇ ਬਣਾਏ ਗਏ ਸਨ ਅਤੇ ਉਨ੍ਹਾਂ ਨੂੰ 11 ਸਪ੍ਰੈਸਰ ਅਤੇ ਓਵਰਕੈਪੈਸਿਟੀ ਬੁਲੇਟ ਮੈਗਜ਼ੀਨ ਵੀ ਮਿਲੇ ਹਨ।ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਜਾਂਚ ਪੂਰੀ ਹੋਣ ਤੱਕ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।ਸੰਘਾ ਨੇ ਕਿਹਾ ਕਿ ਉਨ੍ਹਾਂ ‘ਤੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਉਤਪਾਦਨ ਦੇ ਦੋਸ਼ ਲੱਗ ਸਕਦੇ ਹਨ।ਉਸਨੇ ਕਿਹਾ ਕਿ ਉਹ ਇਸ ਬਾਰੇ ਟਿੱਪਣੀ ਨਹੀਂ ਕਰ ਸਕਦੀ ਕਿ ਸ਼ੱਕੀ ਕਿਸ ਅਪਰਾਧਿਕ ਸੰਗਠਨ ਨਾਲ ਸਬੰਧਤ ਹਨ ਪਰ ਉਨ੍ਹਾਂ ਨੇ ਅੱਗੇ ਕਿਹਾ ਕਿ ਪੁਲਿਸ ਉਨਾ ਨੂੰ ਜਾਣਦੈ ਹੈ ਅਤੇ ਉਨ੍ਹਾਂ ਦਾ ਅਪਰਾਧਿਕ ਰਿਕਾਰਡ ਹੈ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਕੈਨੇਡਾ ‘ਚ ਪੰਜਾਬੀ ਦੇ ਕਤਲ ਕੇਸ ‘ਚ ਮੁਲਜ਼ਮ 3 ਸਾਲ ਬਾਅਦ ਕਾਬੂ

ਮਿਸੀਗਾਗਾ: ਪੁਲਸ ਨੇ ਮਿਸੀਸਾਗਾ ਵਿੱਚ 2023 ਵਿੱਚ ਇੱਕ ਪੰਜਾਬੀ ਨੌਜਵਾਨ ਦੇ ਕਤਲ ਦੇ ਸੰਬੰਧ ਵਿੱਚ ਦੂਜੇ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਹੈ।ਹੋਮਸਾਈਡ ਬਿਊਰੋ ਦੇ ਜਾਂਚਕਰਤਾਵਾਂ ਨੇ ਪੁਸ਼ਟੀ ਕੀਤੀ ਕਿ ਕੈਲੇਡਨ ਦੇ ਰਹਿਣ ਵਾਲੇ 26 ਸਾਲਾ ਡੇਵੌਂਟੇ ਥੌਂਪਸਨ ਨੂੰ ਟੋਰਾਂਟੋ ਵਿੱਚ ਹਿਰਾਸਤ ਵਿੱਚ ਲਿਆ ਗਿਆ।ਉਸ ‘ਤੇ ਕਤਲ ਦੇ ਦੂਜੇ ਦਰਜੇ ਦਾ ਦੋਸ਼ ਹੈ। ਇਹ ਮਾਮਲਾ 9 ਜੁਲਾਈ 2023 ਦਾ ਹੈ, ਜਦੋਂ ਬਰੈਂਪਟਨ ਦੇ ਰਹਿਣ ਵਾਲੇ 24 ਸਾਲਾ ਗੁਰਵਿੰਦਰ ਨਾਥ, ਜੋ ਫਡ ਡਲਿਵਰੀ ਡਰਾਈਵਰ ਵਜੋਂ ਕੰਮ ਕਰ ਰਹੇ ਸਨ, ਉਪਰ ਬ੍ਰਿਟਾਨੀਆ ਰੋਡ ਅਤੇ ਕ੍ਰੈਡਿਟਵਿਊ ਰੋਡ ਨੇੜੇ ਰਾਤ 2:10 ਵਜੇ ਹਮਲਾ ਕੀਤਾ ਗਿਆ ਅਤੇ ਉਸ ਦੀ ਗੱਡੀ ਖੋਹ ਲਈ ਗਈ। ਨਾਥ ਨੂੰ ਟਰਾਮਾ ਸੈਂਟਰ ਲਿਜਾਇਆ ਗਿਆ, ਜਿਥੇ ਉਸ ਦੀ ਸੱਟਾਂ ਕਾਰਨ ਮੌਤ ਹੋ ਗਈ।




# ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ‘ਚ ‘ਵਾਰਿਸ ਪੰਜਾਬ ਦੇ’ ਜਥੇਬੰਦੀ ਨੇ ਕੀਤਾ ਜਬਰਦਸਤ ਮੁਜਾਹਰਾ

ਚੰਡੀਗੜ੍ਹ : ਚੰਡੀਗੜ੍ਹ ਦੇ ਸੈਕਟਰ 49 ਥਾਣੇ ਦੀ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਹਜਾਰਾਂ ਸਿੱਖਾ ਨੇ ਪ੍ਰਦਰਸ਼ਨ ਕੀਤਾ। ਪੁਲਿਸ ਆਗੂਆਂ ਅਤੇ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ 29 ਜੁਲਾਈ 2026 ਬਿਨਾਂ ਮਨਜ਼ੂਰੀ ਤੋਂ ਕੀਤੇ ਗਏ ਮਾਰਚ, ਪੁਲਿਸ ਨਾਲ ਝੜਪ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ ਕੀਤੀ ਗਈ ਹੈ।ਪੁਲਿਸ ਅਨੁਸਾਰ 29 ਜੁਲਾਈ ਨੂੰ ਦੁਪਹਿਰ 1 ਵਜੇ ਦੇ ਕਰੀਬ ‘ਅਕਾਲੀ ਦਲ (ਵਾਰਿਸ ਪੰਜਾਬ ਦੇ)’ ਨਾਲ ਸਬੰਧਤ ਕਰੀਬ 2500 ਤੋਂ 3000 ਵਰਕਰ ਮੁੱਖ ਸੜਕ ‘ਤੇ ਇਕੱਠੇ ਹੋਏ ਸਨ। ਪ੍ਰਦਰਸ਼ਨਕਾਰੀ ਹੱਥਾਂ ਵਿੱਚ ਤਲਵਾਰਾਂ, ਫਰਸੇ, ਕੁਹਾੜੀਆਂ, ਨੇਜ਼ੇ ਅਤੇ ਪੋਸਟਰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਉਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਕੋਠੀ ਦਾ ਘੇਰਾਓ ਕਰਨ ਦਾ ਐਲਾਨ ਕਰ ਰਹੇ ਸਨ।ਨੇ ਪ੍ਰਦਰਸ਼ਨਕਾਰੀਆਂ ਨੂੰ ਸੈਕਟਰ 25 ਦੇ ਰੈਲੀ ਗ੍ਰਾਊਂਡ ਵਿੱਚ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ। ਪੁਲਿਸ ਦੇ ਮੁਤਾਬਕ, ਸਮਝਾਉਣ ਦੇ ਬਾਵਜੂਦ ਪ੍ਰਦਰਸ਼ਨਕਾਰੀ ਤੈਸ਼ ਵਿੱਚ ਆ ਗਏ ਅਤੇ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਨ ਲੱਗੇ। ਡਿਊਟੀ ਮੈਜਿਸਟ੍ਰੇਟ ਦੀ ਮਨਜ਼ੂਰੀ ਤੋਂ ਬਾਅਦ ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਵਾਟਰ ਕੈਨਨ (ਪਾਣੀ ਦੀਆਂ ਬੌਛਾਰਾਂ) ਅਤੇ ਹਲਕੇ ਬਲ ਦੀ ਵਰਤੋਂ ਕੀਤੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਵਾਟਰ ਕੈਨਨ ਦੀ ਗੱਡੀ ‘ਤੇ ਚੜ੍ਹ ਕੇ ਉਸ ਦੀ ਨੋਜ਼ਲ ਦੀ ਤੋੜ-ਫੋੜ ਕੀਤੀ। ਇਸ ਹਮਲੇ ਵਿੱਚ ਵਾਟਰ ਕੈਨਨ ਦਾ ਡਰਾਈਵਰ ਅਸ਼ੀ ਗੁਰਜੀਤ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਸੈਕਟਰ 16 ਲਿਜਾਇਆ ਗਿਆ। ਕਈ ਹੋਰ ਪੁਲਿਸ ਮੁਲਾਜ਼ਮਾਂ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਹਨ।



## ਕੈਨੇਡਾ ‘ਚ ਸਿੱਖ ਨੌਜਵਾਨਾਂ ਨੇ ਮੋਟਰਸਾਈਕਲਾਂ ਤੇ ਚੜ੍ਹਕੇ ਡਾਇਬਟੀਜ਼ ਲਈ ਇਕੱਠੇ ਕੀਤੇ ਲੱਖਾਂ ਡਾਲਰ

ਬਰੈਂਪਟਨ:-ਜਦੋਂ ਸੈਂਕੜੇ ਮੋਟਰਸਾਈਕਲ ਇੱਕੋ ਮਕਸਦ ਲਈ ਸੜਕਾਂ ਤੇ ਉਤਰਣ ਤਾਂ ਇਹ ਸਿਰਫ ਇੱਕ ਰਾਈਡ ਨਹੀਂ, ਸਗੋਂ ਸਮਾਜ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦੀ ਮੁਹਿੰਮ ਬਣ ਜਾਂਦੀ ਹੈ । ਬਰੈਂਪਟਨ ਵਿੱਚ ਸਿੱਖ ਮੋਟਰਸਾਈਕਲ ਕਲੱਬ ਆਫ ਕੈਨੇਡਾ ਵਲੋਂ ਕਰਵਾਈ ਗਈ ਨੈਸ਼ਨਲ ਰਾਈਡ ਅਗੇਂਸਟ ਡਾਇਬਟੀਜ਼ ਵਿੱਚ ਸੈਂਕੜੇ ਰਾਈਡਰਾਂ ਨੇ ਹਿੱਸਾ ਲਿਆ ਔ ਡਾਇਬਟੀਜ਼ ਖਿਲਾਫ ਲੜਾਈ ਵਿੱਚ ਆਪਣਾ ਯੋਗਦਾਨ ਪਾਇਆ ।ਬਰੈਂਪਟਨ ਸਾਕਰ ਸੈਂਟਰ ਤੋਂ ਸ਼ੁਰੂ ਹੋਈ ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਦੀ ਸਾਲਾਨਾ ਨੈਸ਼ਨਲ ਰਾਈਡ ਅਗੇਂਸਟ ਡਾਇਬਟੀਜ਼ ਨੇ ਇੱਕ ਵਾਰ ਫਿਰ ਇਹ ਸੰਦੇਸ਼ ਦਿੱਤਾ ਕਿ ਸਮਾਜ ਸਿਰਫ ਬਿਮਾਰੀਆਂ ਦਾ ਇਲਾਜ ਹੀ ਨਹੀਂ, ਸਗੋਂ ਉਨ੍ਹਾਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਵੀ ਇਕੱਠਾ ਹੋ ਸਕਦਾ ਹੈ ।ਇਸ ਚੈਰਿਟੀ ਰਾਈਡ ਵਿੱਚ ਸੈਂਕੜੇ ਮੋਟਰਸਾਈਕਲ ਸਵਾਰਾਂ ਨੇ ਹਿੱਸਾ ਲਿਆ ।ਰਾਈਡ ਰਾਹੀਂ ਇਕੱਠੇ ਕੀਤੇ ਗਏ ਫੰਡ ਡਾਇਬਟੀਜ਼ ਬਾਰੇ ਖੋਜ, ਜਾਗਰੂਕਤਾ ਅਤੇ ਮਰੀਜ਼ਾਂ ਦੀ ਸਹਾਇਤਾ ਲਈ ਸਮਰਪਿਤ ਕੀਤੇ ਜਾਣਗੇ ।

## ਸ਼ਾਂਤਮਈ ਪ੍ਰੋਟੈੱਸਟ ਸੰਵਿਧਾਨਕ ਅਧਿਕਾਰ:ਚੀਫ ਜਸਟਿਸ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਪੰਚ ਨੇ ਪ੍ਰੀਖਿਆ ਪੇਪਰ ਲੀਕ ਵਿਰੁੱਧ ਦੇਸ਼ ਭਰ ਵਿੱਚ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੁਲਸ ਵਧੀਕੀਆਂ ਬਾਰੇ ਪਟੀਸ਼ਨਾਂ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਸ਼ਾਂਤਮਈ ਅਤੇ ਕਾਨੂੰਨੀ ਵਿਰੋਧ ਪ੍ਰਦਰਸ਼ਨ ਇੱਕ ਸੰਵਿਧਾਨਕ ਅਧਿਕਾਰ ਹੈ ਅਤੇ ਸਿਰਫ ਇਸ ਲਈ ਲਾਠੀਚਾਰਜ ਨਹੀਂ ਕੀਤਾ ਜਾ ਸਕਦਾ, ਕਿਉਂਕਿ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ। ਅਦਾਲਤ ਨੇ ਕਿਹਾ ਕਿ ਜੇ ਪੁਲਸ ਦੁਆਰਾ ਬਹੁਤ ਜ਼ਿਆਦਾ ਤਾਕਤ ਦੀ ਵਰਤੋਂ ਕੀਤੀ ਗਈ ਹੈ ਤਾਂ ਇਸ ਦੀ ਸੁਤੰਤਰ ਜਾਂਚ ਹੋਣੀ ਚਾਹੀਦੀ ਹੈ। ਬੈਂਚ ਨੇ ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਲਈ ਇਕਸਾਰ ਪੁਲਸ ਪ੍ਰੋਟੋਕੋਲ ਦੀ ਜਰੂਰਤ ‘ਤੇ ਵੀ ਜੋਰ ਦਿੱਤਾ। ਬੈਂਚ ਨੇ ਕਿਹਾ ਕਿ ਲੋਕਤੰਤਰੀ ਪ੍ਰਣਾਲੀ ਵਿੱਚ ਅਨੁਸਾਸਨ ਵੀ ਜ਼ਰੂਰੀ ਹੈ ।

## ਈਰਾਨ ਦੇ ਹਮਲੇ ਵਿਚ ਭਾਰਤੀ ਮੂਲ ਦੇ ਮਹਿਲਾ ਸੈਨਿਕ ਦੀ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪੈਂਟਾਗਨ ਨੇ ਜਾਰਡਨ ਵਿੱਚ ਇੱਕ ਫੌਜੀ ਅੱਡੇ ’ਤੇ ਈਰਾਨੀ ਹਮਲੇ ਦੌਰਾਨ ਭਾਰਤੀ ਮੂਲ ਦੇ ਮਹਿਲਾ ਸੈਨਿਕ ਦੇ ਮਾਰੇ ਜਾਣ ਦਾ ਖਦਸ਼ਾ ਪ੍ਰਗਟਾਇਆ ਹੈ। ਰੱਖਿਆ ਵਿਭਾਗ ਅਨੁਸਾਰ ਮੰਨਿਆ ਜਾਂਦਾ ਹੈ ਕਿ 25 ਸਾਲਾ ਫੌਜੀ ਸਾਰਜੈਂਟ ਐਂਜੇਲਾ ਰਾਮਪਰਸਾਦ 17 ਜੁਲਾਈ, 2026 ਨੂੰ ਮੁਵਫੱਕ ਸਾਲਟੀ ਏਅਰ ਬੇਸ, ਜਾਰਡਨ ’ਤੇ ਦੁਸ਼ਮਣ ਦੇ ਹਮਲੇ ਦੌਰਾਨ ਮਾਰਿਆ ਗਿਆ ਹੈ। ਰਖਿਆ ਵਿਭਾਗ ਅਨੁਸਾਰ ਰਾਮਪਰਸਾਦ, ਜਿਸ ਨੂੰ ਪਹਿਲਾਂ ਲਾਪਤਾ ਸਮਝਿਆ ਗਿਆ ਸੀ, ਹੁਣ ਉਸ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਰਾਮਪਰਸਾਦ ਗੁਆਨਾ ਤੋਂ ਆਏ ਭਾਰਤੀ ਪ੍ਰਵਾਸੀ ਭਾਈਚਾਰੇ ਨਾਲ ਸਬੰਧਤ ਹੈ। ਹੁਣ ਤੱਕ ਈਰਾਨ ਨਾਲ ਜੰਗ ਵਿਚ 18 ਅਮਰੀਕੀ ਫੌਜੀ ਮਾਰੇ ਜਾ ਚੁੱਕੇ ਹਨ।


Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270






Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਲੋਕਤੰਤਰ ਦੇ ਦੋ ਰੂਪ

ਜਦੋਂ ਸੜਕਾਂ ‘ਤੇ ਬੇਰੁਜ਼ਗਾਰ ਨੌਜਵਾਨ ਲਾਠੀਆਂ ਖਾਂਦੇ ਹਨ, ਤਾਂ ਸਿਆਸਤਦਾਨਾਂ, ਸੰਸਦ ਮੈਂਬਰਾਂ ਅਤੇ ਸੀਨੀਅਰ ਅਧਿਕਾਰੀਆਂ ਦੇ ਬੱਚੇ ਕਿੱਥੇ ਹੁੰਦੇ ਹਨ? ਕੀ ਭਾਰਤ ਵਿੱਚ ਲੋਕਤੰਤਰ ਆਮ ਲੋਕਾਂ ਲਈ ਸੰਘਰਸ਼ ਅਤੇ ਕੁਲੀਨ ਵਰਗ ਲਈ ਵਿਸ਼ੇਸ਼ ਅਧਿਕਾਰ ਬਣ ਗਿਆ ਹੈ? ਇਹ ਉਹ ਸਵਾਲ ਹੈ, ਜੋ ਅੱਜ ਦੇਸ਼ ਦੇ ਕਈ ਹਿੱਸਿਆਂ ਵਿੱਚ ਉਠ ਰਿਹਾ ਹੈ। ਦਿੱਲੀ ਦੇ ਜੰਤਰ-ਮੰਤਰ ਤੋਂ ਲੈ ਕੇ ਪਟਨਾ, ਪ੍ਰਯਾਗਰਾਜ, ਜੈਪੁਰ, ਭੋਪਾਲ ਅਤੇ ਚੰਡੀਗੜ੍ਹ ਤੱਕ, ਜਦੋਂ ਵੀ ਵਿਦਿਆਰਥੀ, ਬੇਰੁਜ਼ਗਾਰ ਨੌਜਵਾਨ ਜਾਂ ਕਿਸਾਨ ਆਪਣੇ ਹੱਕਾਂ ਲਈ ਸੜਕਾਂ ‘ਤੇ ਉਤਰਦੇ ਹਨ ਤਾਂ ਇੱਕ ਸਵਾਲ ਵਾਰ-ਵਾਰ ਉੱਠਦਾ ਹੈ : ਸਿਆਸਤਦਾਨਾਂ, ਸੰਸਦ ਮੈਂਬਰਾਂ, ਮੰਤਰੀਆਂ ਅਤੇ ਸੀਨੀਅਰ ਨੌਕਰਸ਼ਾਹਾਂ ਦੇ ਬੱਚੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਕਿਉਂ ਦਿਖਾਈ ਨਹੀਂ ਦਿੰਦੇ? ਕੀ ਉਨ੍ਹਾਂ ਦੀ ਕੋਈ ਸਮੱਸਿਆ ਨਹੀਂ? ਕੀ ਉਹ ਸਾਰੀਆਂ ਸਮੱਸਿਆਵਾਂ ਤੋਂ ਉੱਪਰ ਜਾ ਚੁੱਕੇ ਹਨ? ਇਹ ਸਵਾਲ ਸਿਰਫ ਭਾਵਨਾਤਮਕ ਨਹੀਂ, ਸਗੋਂ ਭਾਰਤੀ ਲੋਕਤੰਤਰ ਦੀ ਸਮਾਜਕ ਸੰਰਚਨਾ ‘ਤੇ ਗੰਭੀਰ ਬਹਿਸ ਦਾ ਵਿਸ਼ਾ ਹੈ।

ਜਦੋਂ ਦੇਸ਼ ਵਿੱਚ ਅਗਨੀਵੀਰ, ਐੱਸ ਐੱਸ ਸੀ, ਰੇਲਵੇ, ਬੀ ਪੀ ਐੱਸ ਸੀ, ਯੂ ਪੀ ਐੱਸ ਸੀ, ਅਧਿਆਪਕ ਭਰਤੀ, ਰਾਖਵਾਂਕਰਨ ਜਾਂ ਕਿਸਾਨੀ ਮੰਗਾਂ ਨੂੰ ਲੈ ਕੇ ਪ੍ਰੋਟੈੱਸਟ ਹੁੰਦੇ ਹਨ ਤਾਂ ਸੜਕਾਂ ‘ਤੇ ਦਿਖਾਈ ਦੇਣ ਵਾਲੇ ਜ਼ਿਆਦਾਤਰ ਨੌਜਵਾਨ ਆਮ ਪਰਵਾਰਾਂ ਤੋਂ ਹੁੰਦੇ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਪੁਲਸ ਲਾਠੀਚਾਰਜ ਦਾ ਸਾਹਮਣਾ ਕਰਨਾ ਪੈਂਦਾ ਹੈ, ਜੇਲ੍ਹ ਜਾਣਾ ਪੈਂਦਾ ਹੈ ਅਤੇ ਅਕਸਰ ਹਿੰਸਾ ਵਿੱਚ ਆਪਣੀਆਂ ਜਾਨਾਂ ਗੁਆਉਣੀਆਂ ਪੈਂਦੀਆਂ ਹਨ। ਕਿਸੇ ਪ੍ਰਮੁੱਖ ਕੇਂਦਰੀ ਮੰਤਰੀ, ਮੁੱਖ ਮੰਤਰੀ, ਸੰਸਦ ਮੈਂਬਰ ਜਾਂ ਸੀਨੀਅਰ ਆਈ ਏ ਐੱਸ ਜਾਂ ਆਈ ਪੀ ਐੱਸ ਅਧਿਕਾਰੀ ਦੇ ਪੁੱਤਰ ਜਾਂ ਧੀਆਂ ਅਜਿਹੇ ਅੰਦੋਲਨਾਂ ਦੀ ਮੂਹਰਲੀ ਕਤਾਰ ਵਿੱਚ ਵਿਰਲੇ ਹੀ ਨਜ਼ਰ ਆਉਂਦੇ ਹਨ। ਇਹ ਅਸਮਾਨਤਾ ਬਹਿਸ ਨੂੰ ਜਨਮ ਦਿੰਦੀ ਹੈ। ਸਰਕਾਰਾਂ ਦਾਅਵਾ ਕਰਦੀਆਂ ਹਨ ਕਿ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਹੋ ਰਿਹਾ ਹੈ। ਫਿਰ, ਸਵਾਲ ਇਹ ਉੱਠਦਾ ਹੈ : ਕੇਂਦਰੀ ਮੰਤਰੀਆਂ, ਸੰਸਦ ਮੈਂਬਰਾਂ, ਸੀਨੀਅਰ ਨੌਕਰਸ਼ਾਹਾਂ ਜਾਂ ਉੱਚ ਅਧਿਕਾਰੀਆਂ ਦੇ ਕਿੰਨੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ? ਜਦੋਂ ਇਹੀ ਆਗੂ, ਮੰਤਰੀ ਅਤੇ ਨੌਕਰਸ਼ਾਹ ਸਕੂਲ ਬਣਾਉਂਦੇ ਹਨ ਅਤੇ ਕਈ ਐਲਾਨ ਕਰਦੇ ਹਨ, ਤਾਂ ਉਨ੍ਹਾਂ ਦੇ ਬੱਚੇ ਉੱਥੇ ਕਿਉਂ ਨਹੀਂ ਪੜ੍ਹਦੇ? ਕੀ ਪਬਲਿਕ ਸਕੂਲ ਅਤੇ ਹੋਰ ਸੰਸਥਾਵਾਂ ਸਿਰਫ ਆਮ ਲੋਕਾਂ ਲਈ ਹਨ?

ਜ਼ਿਆਦਾਤਰ ਪ੍ਰਭਾਵਸ਼ਾਲੀ ਪਰਵਾਰ ਆਪਣੇ ਬੱਚਿਆਂ ਨੂੰ ਪ੍ਰਾਈਵੇਟ, ਕਾਨਵੈਂਟ, ਅੰਤਰਰਾਸ਼ਟਰੀ ਜਾਂ ਵਿਦੇਸ਼ੀ ਵਿਦਿਅਕ ਸੰਸਥਾਵਾਂ ਵਿੱਚ ਭੇਜਦੇ ਹਨ। ਜੇ ਨੀਤੀ ਨਿਰਮਾਤਾ ਖੁਦ ਸਰਕਾਰੀ ਸਕੂਲਾਂ ਅਤੇ ਸਰਕਾਰੀ ਹਸਪਤਾਲਾਂ ‘ਤੇ ਨਿਰਭਰ ਨਹੀਂ ਹਨ ਤਾਂ ਕੀ ਉਹ ਉਨ੍ਹਾਂ ਦੀ ਗੁਣਵੱਤਾ ਨੂੰ ਸੁਧਾਰਨ ਲਈ ਓਨੇ ਸੰਵੇਦਨਸ਼ੀਲ ਹੋਣਗੇ, ਜਿੰਨਾ ਆਮ ਜਨਤਾ ਉਮੀਦ ਕਰਦੀ ਹੈ? ਇਹ ਇੱਕ ਜਾਇਜ਼ ਜਨਤਕ ਸਵਾਲ ਹੈ ਅਤੇ ਇਹ ਸਵਾਲ ਲੰਬੇ ਸਮੇਂ ਤੋਂ ਉਠਾਇਆ ਜਾ ਰਿਹਾ ਹੈ, ਪਰ ਕੋਈ ਨਹੀਂ ਬੋਲਦਾ। ਜੋ ਲੋਕ ਬੋਲਦੇ ਹਨ, ਉਨ੍ਹਾਂ ਨੂੰ ਜਾਂ ਤਾਂ ਖਰੀਦ ਲਿਆ ਜਾਂਦਾ ਹੈ ਜਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਖਤਮ ਕਰ ਦਿੱਤੀਆਂ ਜਾਂਦੀਆਂ ਹਨ। ਪੰਜ ਕਿੱਲੋ ਅਨਾਜ ਅਤੇ ਕੁਝ ਹਜ਼ਾਰ ਰੁਪਏ ਨਕਦ ਦੇ ਕੇ ਚੋਣਾਂ-ਦਰ-ਚੋਣਾਂ ਲੁੱਟਣ ਦੀ ਖੇਡ ਚੱਲਦੀ ਰਹਿੰਦੀ ਹੈ ਅਤੇ ਇਸ ਖੇਡ ਵਿੱਚ ਉਹੀ ਖਾਸ ਤੰਤਰ ਸ਼ਾਮਲ ਹੈ, ਜੋ ਸੱਤਾ ਨਾਲ ਜੁੜਿਆ ਹੁੰਦਾ ਹੈ-ਨੇਤਾ ਅਤੇ ਸੀਨੀਅਰ ਅਧਿਕਾਰੀ। ਲੋਕ ਸਭਾ ਵਿੱਚ ਲੱਗਭੱਗ 148 ਸੰਸਦ ਮੈਂਬਰਾਂ ਨੇ ਖੇਤੀਬਾੜੀ ਨੂੰ ਆਪਣਾ ਪੇਸ਼ਾ ਐਲਾਨਿਆ ਹੈ, ਪਰ ਕੀ ਉਨ੍ਹਾਂ ਦੇ ਪਰਵਾਰ ਖੇਤੀ ‘ਤੇ ਨਿਰਭਰ ਹਨ? ਕੀ ਉਨ੍ਹਾਂ ਦੇ ਬੱਚੇ ਖੇਤਾਂ ਵਿੱਚ ਕੰਮ ਕਰਦੇ ਹਨ? ਕੀ ਉਹ ਘੱਟੋ-ਘੱਟ ਸਮਰਥਨ ਮੁੱਲ, ਸਿੰਚਾਈ, ਡੀਜ਼ਲ ਜਾਂ ਖਾਦ ਦੀਆਂ ਸਮੱਸਿਆਵਾਂ ਤੋਂ ਉਸੇ ਤਰ੍ਹਾਂ ਪ੍ਰਭਾਵਤ ਹੁੰਦੇ ਹਨ, ਜਿਵੇਂ ਇੱਕ ਛੋਟੇ ਕਿਸਾਨ ਦਾ ਪੁੱਤਰ ਹੁੰਦਾ ਹੈ?

ਸਿਰਫ ਖੇਤੀਬਾੜੀ ਨੂੰ ਇੱਕ ਪੇਸ਼ੇ ਵਜੋਂ ਐਲਾਨਣਾ ਅਤੇ ਅਸਲ ਵਿੱਚ ਖੇਤੀਬਾੜੀ ਜੀਵਨ ਜਿਊਣਾ ਦੋ ਵੱਖ-ਵੱਖ ਚੀਜ਼ਾਂ ਹਨ। ਇਸ ਅੰਤਰ ‘ਤੇ ਗੰਭੀਰ ਖੋਜ ਅਤੇ ਜਨਤਕ ਚਰਚਾ ਦੀ ਲੋੜ ਹੈ।

ਲੋਕਤੰਤਰ ਦਾ ਮੂਲ ਸਿਧਾਂਤ ਬਰਾਬਰ ਮੌਕੇ ਹਨ। ਹਾਲਾਂਕਿ ਭਾਰਤ ਵਿੱਚ ਮੌਕਿਆਂ ਦੀ ਵੰਡ ਅਕਸਰ ਸਮਾਜਿਕ, ਆਰਥਿਕ ਅਤੇ ਸਿਆਸੀ ਪ੍ਰਭਾਵ ਨਾਲ ਜੁੜੀ ਦਿਖਾਈ ਦਿੰਦੀ ਹੈ। ਸੱਤਾ ਵਿੱਚ ਬੈਠੇ ਲੋਕਾਂ ਦੇ ਬੱਚਿਆਂ ਕੋਲ ਬਿਹਤਰ ਸਿੱਖਿਆ, ਬਿਹਤਰ ਸਿਹਤ, ਬਿਹਤਰ ਨੈੱਟਵਰਕ, ਬਿਹਤਰ ਕੈਰੀਅਰ ਅਤੇ ਬਿਹਤਰ ਸੁਰੱਖਿਆ ਤੱਕ ਮੁਕਾਬਲਤਨ ਆਸਾਨ ਪਹੁੰਚ ਹੁੰਦੀ ਹੈ। ਦੂਜੇ ਪਾਸੇ, ਆਮ ਪਰਵਾਰਾਂ ਦੇ ਨੌਜਵਾਨ ਮੁਕਾਬਲੇ ਦੀਆਂ ਪ੍ਰੀਖਿਆਵਾਂ, ਬੇਰੁਜ਼ਗਾਰੀ ਅਤੇ ਸਰੋਤਾਂ ਦੀ ਘਾਟ ਦੀ ਅਨਿਸਚਿਤਤਾ ਨਾਲ ਜੂਝ ਰਹੇ ਹਨ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰ ਸਿਆਸਤਦਾਨ ਜਾਂ ਅਧਿਕਾਰੀ ਦਾ ਪਰਵਾਰ ਵਿਸ਼ੇਸ਼ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ। ਪਰ ਇੱਕ ਵਿਆਪਕ ਧਾਰਨਾ ਹੈ ਕਿ ਪ੍ਰਭਾਵਸ਼ਾਲੀ ਪਰਵਾਰਾਂ ਕੋਲ ਅਜਿਹੇ ਮੌਕੇ ਉਪਲੱਬਧ ਹੁੰਦੇ ਹਨ, ਜੋ ਆਮ ਨਾਗਰਿਕਾਂ ਦੀ ਪਹੁੰਚ ਤੋਂ ਬਾਹਰ ਹੁੰਦੇ ਹਨ।

ਤਾਂ ਵੀ, ਭਾਰਤੀ ਲੋਕਤੰਤਰ ਨੂੰ ‘ਧੋਖਾ’ ਕਹਿਣਾ ਇੱਕ ਸਿਆਸੀ ਮਤ ਹੋ ਸਕਦਾ ਹੈ, ਨਾ ਕਿ ਸਥਾਪਤ ਤੱਥ, ਪਰ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਲੋਕਤੰਤਰ ਦੀ ਭਰੋਸੇਯੋਗਤਾ ਉਦੋਂ ਹੀ ਮਜ਼ਬੂਤ ਹੋਵੇਗੀ, ਜਦੋਂ ਸੱਤਾ ਅਤੇ ਸਮਾਜ ਵਿਚਕਾਰ ਵਧਦੀ ਦੂਰੀ ਘਟੇਗੀ। ਜਿੰਨਾ ਚਿਰ ਸੰਘਰਸ਼ ਸਿਰਫ ਗਰੀਬਾਂ ਦੇ ਹਿੱਸੇ ਅਤੇ ਵਿਸ਼ੇਸ਼ ਅਧਿਕਾਰ ਸਿਰਫ ਪ੍ਰਭਾਵਸ਼ਾਲੀ ਵਰਗ ਦੇ ਹਿੱਸੇ ਦਿਖਾਈ ਦੇਣਗੇ, ਉਦੋਂ ਤੱਕ ਇਹ ਸਵਾਲ ਵਾਰ-ਵਾਰ ਉੱਠੇਗਾ ਕਿ ਕੀ ਲੋਕਤੰਤਰ ਸੱਚਮੁੱਚ ਬਰਾਬਰ ਮੌਕੇ ਪ੍ਰਦਾਨ ਕਰਨ ਦਾ ਜ਼ਰੀਆ ਹੈ ਜਾਂ ਸਿਰਫ ਸੱਤਾ ਅਤੇ ਵਸੀਲਿਆਂ ਦੇ ਸੀਮਤ ਵਰਗ ਤੱਕ ਸਿਮਟਦਾ ਜਾ ਰਿਹਾ ਹੈ। ਲੋਕਤੰਤਰ ਸਿਰਫ ਮਤਦਾਨ ਦਾ ਨਾਂਅ ਨਹੀਂ, ਲੋਕਤੰਤਰ ਦੀ ਅਸਲ ਪ੍ਰੀਖਿਆ ਇਹ ਹੈ ਕਿ ਕੀ ਸੱਤਾ ਵਿੱਚ ਬੈਠੇ ਲੋਕਾਂ ਦੇ ਪਰਵਾਰ ਉਸੇ ਵਿਵਸਥਾ ‘ਤੇ ਭਰੋਸਾ ਕਰਦੇ ਹਨ, ਜਿਸ ਨੂੰ ਉਹ ਪੂਰੇ ਦੇਸ਼ ਲਈ ਇੱਕ ਮਾਡਲ ਵਜੋਂ ਪੇਸ਼ ਕਰਦੇ ਹਨ। ਇਹੀ ਸਵਾਲ ਅੱਜ ਭਾਰਤੀ ਲੋਕਤੰਤਰ ਅੱਗੇ ਸਭ ਤੋਂ ਵੱਡੀ ਚੁਣੌਤੀ ਬਣ ਕੇ ਖੜ੍ਹਾ ਹੈ।

-ਨਵਾਂ ਜ਼ਮਾਨਾ


J&S CABINET DOORS LTD
phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca


We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca
Ph:604-507-0561



BADH & REJMINIAK LLP
ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ
Areas of Practice
We provide Legal Services in the following areas:
• Civil Litigation
• Immigration
• Family Law
• Business Law
• Real Estate Transactions
• Notarization & Certification
ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ
• ਸਿਵਲ ਮੁਕੱਦਮਾ
• ਇੰਮੀਗ੍ਰੇਸ਼ਨ
• ਫੈਮਿਲੀ ਲਾਅ
• ਬਿਜਨਸ ਲਾਅ
• ਰੀਅਲ ਐਸਟੇਟ ਲੈਣ ਦੇਣ
• ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ

Ph: 604-503-3132
Fax:604-503-3133
Web:www.bnrlaw.ca
Gurpreet Badh, BSc, LLB
Barrister & Solicitor
#2006-7495, 132 St, Surrey, BC V3W 1J8

# ਅੰਦੋਲਨ ਦਾ ਅਗਲਾ ਪੜਾਅ ਕੀ ਹੋਵੇ?

ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਤੋਂ ਬਾਅਦ ਨੌਜਵਾਨ ਮੁੰਡੇ-ਕੁੜੀਆਂ ਨੇ ਜੰਤਰ-ਮੰਤਰ ਵਿਖੇ ਲੋਕਤੰਤਰ ਦਾ ਜਸ਼ਨ ਮਨਾਇਆ-ਜਿਹੜੇ ਲੋਕਤੰਤਰ ਦੇ ਪੈਦਾ ਹੋਣ ਦੀ ਉਡੀਕ 12 ਸਾਲਾਂ ਤੋਂ ਕੀਤੀ ਜਾ ਰਹੀ ਸੀ। ਹਰ ਨੌਜਵਾਨ ਇੰਜ ਤੁਰ ਰਿਹਾ ਸੀ, ਜਿਵੇਂ ਕਿਸੇ ਦੇ ਹੰਕਾਰ ਨੂੰ ਠੁੱਡ ਮਾਰ ਰਿਹਾ ਹੋਵੇ। ਹਿੰਦੀ ਫਿਲਮਾਂ ਦੇ ਗਾਣਿਆਂ ‘ਤੇ ਨੱਚਣ ਵਾਲੇ ਨੌਜਵਾਨ ਲੋਕਤੰਤਰ ਦੀ ਜਿੱਤ ‘ਤੇ ਨੱਚ ਰਹੇ ਸਨ। ਕਿਸੇ ਵੀ ਲੋਕਤੰਤਰੀ ਰਾਸ਼ਟਰ ਤੇ ਲੋਕਤੰਤਰੀ ਵਿਅਕਤੀ ਲਈ ਅਜਿਹਾ ਪਲ ਉਸ ਦੀ ਜ਼ਿੰਦਗੀ ਦੇ ਸਭ ਤੋਂ ਖ਼ੂਬਸੂਰਤ ਪਲਾਂ ਵਿੱਚੋਂ ਇੱਕ ਹੁੰਦਾ ਹੈ। ਇਸੇ ਤਰ੍ਹਾਂ ਦੇ ਪਲਾਂ ਦੀ ਕਲਪਨਾ ਕਰਕੇ ਫੈਜ਼ ਨੇ ਲਿਖਿਆ ਸੀ : ਜਬ ਤਖਤ ਗਿਰਾਏ ਜਾਏਂਗੇ, ਜਬ ਤਾਜ ਉਛਾਲੇ ਜਾਏਂਗੇ। ਨੌਜਵਾਨਾਂ ਨੇ ਲਾਠੀਆਂ, ਹੰਝੂ ਗੈਸ ਦੇ ਗੋਲੇ ਤੇ ਪੈਲੇਟ ਗੰਨ ਦੀਆਂ ਗੋਲੀਆਂ ਖਾਧੀਆਂ ਤੇ ਦੇਸ਼ਧ੍ਰੋਹੀ ਕਹੇ ਜਾਣ ਦਾ ਅਪਮਾਨ ਬਰਦਾਸ਼ਤ ਕੀਤਾ, ਪਰ ਹੰਕਾਰੀ ਦਾ ਤਾਜ ਹਵਾ ਵਿੱਚ ਉਛਾਲ ਦਿੱਤਾ।

ਜਬ ਜ਼ੁਲਮ-ਓ-ਸਿਤਮ ਕੇ ਕੋਹ-ਏ-ਗਿਰਾਂ, ਰੂਈ ਕੀ ਤਰਹ ਉੜ ਜਾਏਂਗੇ। ਹੁਕਮਰਾਨਾਂ ਦਾ ਜ਼ੁਲਮ ਤੇ ਹੰਕਾਰ ਜਿੰਨਾ ਵੀ ਭਾਰੀ ਤੇ ਪਹਾੜ ਵਰਗਾ ਅਟੁੱਟ ਕਿਉਂ ਨਾ ਦਿਖਾਈ ਦੇਵੇ, ਜਦੋਂ ਲੋਕਾਂ ਵਿੱਚ ਚੇਤਨਾ ਤੇ ਇਨਕਲਾਬ ਦੀ ਲਹਿਰ ਉੱਠਦੀ ਹੈ ਤਾਂ ਅੱਤਿਆਚਾਰ ਦਾ ਵਿਸ਼ਾਲ ਪਹਾੜ ਰੂੰ ਦੇ ਫਹੇ ਦੀ ਤਰ੍ਹਾਂ ਹਲਕਾ ਹੋ ਕੇ ਹਵਾ ਵਿੱਚ ਉੱਡ ਜਾਂਦਾ ਹੈ। ਲੋਕਾਂ ਦੀ ਅਜਿਹੀ ਤਾਕਤ ਨੂੰ ਫੈਜ਼ ਨੇ ਆਪਣੀ ਨਜ਼ਮ ਵਿੱਚ ਪ੍ਰਗਟ ਕੀਤਾ। ਕੋਹ-ਏ-ਗਿਰਾਂ, ਯਾਨੀ ਮਜ਼ਬੂਤ ਪਹਾੜ ਵਰਗੇ ਹੰਕਾਰ ਨੂੰ ਕਾਗਜ਼ ਦੇ ਜਹਾਜ਼ ਦੀ ਤਰ੍ਹਾਂ ਉਡਾ ਦਿੱਤਾ।

ਮਹਕੂਮੋਂ ਕੇ ਪਾਂਵ ਤਲੇ ਧਰਤੀ ਧੜ-ਧੜ ਧੜਕੇਗੀ। ਅਹਲ-ਏ-ਹਕਮ ਕੇ ਸਰ ਊਪਰ ਬਿਜਲੀ ਕੜਕੜ ਕੜਕੇਗੀ। ਮਹਕੂਮ (ਦੱਬੇ-ਕੁਚਲੇ) ਇੰਜ ਇਕੱਠੇ ਹੋ ਕੇ ਚੱਲੇ ਕਿ ਹਾਕਮਾਂ ਦੇ ਪੈਰਾਂ ਹੇਠਾਂ ਧਰਤੀ ਕੰਬਣ ਲੱਗ ਪਈ। ਹਾਕਮਾਂ ਦੇ ਦਿਲਾਂ ਵਿੱਚ ਅਜਿਹਾ ਡਰ ਪੈਦਾ ਕਰ ਦਿੱਤਾ, ਜਿਹੜਾ ਸਿਰ ਦੇ ਠੀਕ ਉੱਪਰ ਬਿਜਲੀ ਕੜਕਣ ਨਾਲ ਪੈਦਾ ਹੁੰਦਾ ਹੈ।

ਜਿਹੜੀ ਜਨਤਾ ਤੋਂ ‘ਜਨਤਾ ਹੋਣਾ’ ਖੋਹ ਲਿਆ ਗਿਆ ਸੀ, ਅੰਦੋਲਨ ਦੌਰਾਨ ਉਹੀ ਜਨਤਾ ਫਿਰ ਤੋਂ ਜਨਤਾ ਹੋ ਰਹੀ ਸੀ। ਹੁਕਮਰਾਨ ਡਰ ਗਏ ਕਿ ਜਿਹੜੀ ਜਨਤਾ ਨੂੰ ਅਰਬਾਂ ਰੁਪਏ ਖਰਚ ਕੇ ‘ਭਗਤ’ ਬਣਾਇਆ ਸੀ, ਉਹ ਕਿਤੇ ਫਿਰ ਤੋਂ ਜਨਤਾ ਨਾ ਬਣ ਜਾਵੇ। 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿੱਚ ਡਾ. ਅੰਬੇਡਕਰ ਨੇ ਭਾਰਤ ਨੂੰ ਖਬਰਦਾਰ ਕੀਤਾ ਸੀ ਕਿ ਲੋਕਤੰਤਰ ਵਿੱਚ ‘ਭਗਤੀ’ ਬਰਬਾਦੀ ਵੱਲ ਵਧਣ ਦਾ ਰਾਹ ਹੈ। ਜਨਤਾ ਨੂੰ ਫਿਰ ਤੋਂ ਜਨਤਾ ਬਣਦੇ ਦੇਖ ਹਾਕਮਾਂ ਨੂੰ ਕਿੰਨੀ ਤਕਲੀਫ ਹੋਈ, ਇਸ ਨੂੰ ਬੀ ਬੀ ਸੀ ਦੇ ਇੱਕ ਕਾਰਟੂਨਿਸਟ ਨੇ ਬਹੁਤ ਵਧੀਆ ਚਿਤਰਿਆ। ਕਾਰਟੂਨ ਵਿੱਚ ਇੱਕ ਨੇਤਾ ਮੀਡੀਆ ਨੂੰ ਕਹਿ ਰਿਹਾ ਹੈ ‘ਬੇਹੱਦ ਤਕਲੀਫਦੇਹ ਹੈ ਇਹ ਸਭ। ਜਾਤ-ਪਾਤ ਤੇ ਧਰਮ ਦੀ ਰਾਜਨੀਤੀ ਦਰਮਿਆਨ ਸਿੱਖਿਆ ਤੇ ਵਿਦਿਆਰਥੀਆਂ ਦੇ ਮੁੱਦਿਆਂ ਨਾਲ ਮੈਨੂੰ ਘੁਟਣ ਤੇ ਬੇਚੈਨੀ ਹੋ ਰਹੀ ਹੈ।”

ਸਿੱਖਿਆ ਮੰਤਰੀ ਦੇ ਅਸਤੀਫੇ ਦੀ ਮੁੱਖ ਮੰਗ ਮੰਨੇ ਜਾਣ ਤੋਂ ਬਾਅਦ ਹੁਣ ਵਿਦਿਆਰਥੀਆਂ ਤੇ ਨੌਜਵਾਨਾਂ ਅੱਗੇ ਕਰਨ ਲਈ ਕੀ ਹੈ? ਸਭ ਤੋਂ ਵੱਡਾ ਮੁੱਦਾ ਸਿੱਖਿਆ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦਾ ਹੈ। ਉੱਚ ਸਿੱਖਿਆ ਤਾਂ ਛੱਡੋ, ਪ੍ਰਾਇਮਰੀ ਤੇ ਪ੍ਰੀ-ਪ੍ਰਾਇਮਰੀ ਸਿੱਖਿਆ ਦਾ ਬਹੁਤ ਤੇਜ਼ੀ ਨਾਲ ਨਿੱਜੀਕਰਨ ਕੀਤਾ ਜਾ ਰਿਹਾ ਹੈ। ਇਸ ਦਾ ਸਭ ਤੋਂ ਬੁਰਾ ਅਸਰ ਗਰੀਬ ਤਬਕੇ ‘ਤੇ ਪੈ ਰਿਹਾ ਹੈ। ਉਨ੍ਹਾਂ ਵਿੱਚੋਂ ਵੀ ਕੁੜੀਆਂ ‘ਤੇ ਸਭ ਤੋਂ ਵੱਧ, ਕਿਉਂਕਿ ਬਹੁਤੇ ਪਰਵਾਰ ਅੱਜ ਵੀ ਕੁੜੀਆਂ ਦੀ ਸਿੱਖਿਆ ‘ਤੇ ਖਰਚ ਨਹੀਂ ਕਰਦੇ। ਇਸ ਲਈ ਦੇਸ਼ ਦੀ ਅੱਧੀ ਆਬਾਦੀ ਦੀ ਸਿੱਖਿਆ ਲਈ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਖਰਚ ਨੂੰ ਵਧਾਉਣਾ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਨੌਜਵਾਨਾਂ ਨੂੰ ਸਰਕਾਰ ‘ਤੇ ਦਬਾਅ ਵਧਾਉਣਾ ਪਵੇਗਾ। ਇਹ ਲੱਭਣਾ ਪਵੇਗਾ ਕਿ ਕੇਂਦਰ ਸਰਕਾਰ ਨੇ ਸਿੱਖਿਆ ਦੇ ਬਜਟ ਵਿੱਚ 44 ਫੀਸਦੀ ਦੀ ਕਟੌਤੀ ਕਿਉਂ ਕੀਤੀ? ਸਰਕਾਰ ਦੀ ਨਿੱਜੀਕਰਨ ਨੂੰ ਬੜ੍ਹਾਵਾ ਦੇਣ ਵਾਲੀ ਸਿੱਖਿਆ ਨੀਤੀ ਨੌਜਵਾਨਾਂ ਨੂੰ ਉਹ ਨਹੀਂ ਬਣਨ ਦੇਣਾ ਚਾਹੁੰਦੀ, ਜਿਹੜੇ ਜੰਤਰ-ਮੰਤਰ ਵਿੱਚ ਉਹ ਬਣ ਗਏ। ਇੱਕ-ਦੂਜੇ ਦੇ ਸਾਥੀ ਬਣ ਗਏ ਅਤੇ ਸਾਥੀ ਬਣਦਿਆਂ ਕਿਸੇ ਦਾ ਧਰਮ ਨਹੀਂ ਪੁੱਛਿਆ। ਨਵੀਂ ਸਿੱਖਿਆ ਨੀਤੀ ਨਹੀਂ ਚਾਹੁੰਦੀ ਕਿ ਤੁਸੀਂ ਸਾਥੀ ਬਣੋ, ਸਾਥੀ ਬਣਾਓ। ਇਹ ਨੀਤੀ ਵੰਡਦੀ ਹੈ, ਜਿਸ ਨੂੰ ਪਛਾੜਨ ਲਈ ਵੱਡਾ ਹੰਭਲਾ ਮਾਰਨਾ ਪੈਣਾ ਹੈ। ਇੱਕ ਹੋਰ ਮੁੱਦਾ ਜੰਤਰ-ਮੰਤਰ ਵਿੱਚ ਵੀ ਉਠਾਇਆ-ਸਿੱਖਿਆ ਨੂੰ ਆਰ ਐੱਸ ਐੱਸ ਦੀ ਸੋਚ ਤੋਂ ਆਜ਼ਾਦ ਕਰਾਉਣਾ, ਜਿਹੜੀ ਗੈਰ-ਜਮਹੂਰੀ, ਦਕੀਆਨੂਸੀ, ਫਿਰਕੂ, ਵਿਗਿਆਨਕ ਚੇਤਨਾ ਵਿਰੋਧੀ, ਤਰਕ ਵਿਰੋਧੀ ਤੇ ਸੰਵਿਧਾਨ ਵਿਰੋਧੀ ਹੈ। ਜੰਤਰ-ਮੰਤਰ ਤੋਂ ਸ਼ੁਰੂ ਹੋਏ ਅੰਦੋਲਨ ਦੀ ਸੱਚੀ ਜਿੱਤ ਉਦੋਂ ਹੋਵੇਗੀ ਜਦੋਂ ਸਿੱਖਿਆ ਸਿਰਫ ਮੁਨਾਫੇ ਦਾ ਸਾਧਨ ਨਾ ਰਹਿ ਕੇ ਇੱਕ ਜਨਤਕ ਅਧਿਕਾਰ ਬਣੇਗੀ ਅਤੇ ਉਸ ਨੂੰ ਫਿਰਕੂ ਤੇ ਵਿਗਿਆਨਕ ਚੇਤਨਾ ਵਿਰੋਧੀ ਸੋਚ ਦੀ ਜਕੜ ਤੋਂ ਆਜ਼ਾਦ ਕਰਵਾ ਲਿਆ ਜਾਵੇਗਾ।

-ਨਵਾਂ ਜ਼ਮਾਨਾ

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE 206-370-9480
TOLL FREE : 1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St
Lynden, WA. 98264 (Bellingham)



2 ਅਗਸਤ ਦਿਨ ਐਤਵਾਰ ਨੂੰ ਹਫਤਾਵਾਰੀ ਦੀਵਾਨ ਸਜਣਗੇ ਅਤੇ ਸਮੂਹ ਸੰਗਤ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ
14 ਅਗਸਤ ਦਿਨ ਸ਼ੁੱਕਰਵਾਰ ਨੂੰ ਸ. ਪਰਮਜੀਤ ਸਿੰਘ ਕੁਲਾਰ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 16 ਅਗਸਤ ਦਿਨ ਐਤਵਾਰ ਨੂੰ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਓਵਰਸੀਜ਼ ਕਾਂਗਰਸ ਵੱਲੋਂ ਲੋਕਤੰਤਰੀ ਸਿਧਾਂਤਾਂ ਦੀ ਰੱਖਿਆ ਕਰਨ ਦਾ ਸੱਦਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਨੇ ਕਾਂਗਰਸ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਹਿਰਾਸਤ 'ਚ ਲੈਣ ਦੀ ਸੁਤੰਤਰ ਜਾਂਚ ਦੀ ਮੰਗ ਕਰਦਿਆਂ ਕਿਹਾ ਹੈ ਕਿ ਨਵੀਂ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨ ਦੇ ਆਲੇ ਦੁਆਲੇ ਦੀਆਂ ਘਟਨਾਵਾਂ ਸੰਵਿਧਾਨਕ ਅਧਿਕਾਰਾਂ ਅਤੇ ਲੋਕਤੰਤਰੀ ਨਿਯਮਾਂ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਜਾਰੀ ਇੱਕ ਬਿਆਨ ਵਿੱਚ, ਸੰਗਠਨ ਨੇ ਭਾਰਤ ਸਰਕਾਰ ਨੂੰ ਇਸ ਘਟਨਾ ਦੀ ਜਾਂਚ ਕਰਨ, ਸੰਵਿਧਾਨ ਅਧੀਨ ਗਾਰੰਟੀਸ਼ੁਦਾ ਅਧਿਕਾਰਾਂ ਨੂੰ ਬਰਕਰਾਰ ਰੱਖਣ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਓਵਰਸੀਜ਼ ਕਾਂਗਰਸ ਨੇ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ ਅਤੇ ਹੋਰ ਕਾਂਗਰਸੀ ਨੇਤਾਵਾਂ ਨਾਲ ਇਕਜੁੱਟਤਾ ਪ੍ਰਗਟ ਕੀਤੀ ਹੈ। ਓਵਰਸੀਜ਼ ਕਾਂਗਰਸ ਦੇ ਉਪ-ਚੇਅਰਪਰਸਨ ਜਾਰਜ ਅਬ੍ਰਾਹਮ ਦੁਆਰਾ ਜਾਰੀ ਇਸ ਬਿਆਨ ਵਿਚ ਕਿਹਾ ਹੈ ਕਿ ਪ੍ਰਦਰਸ਼ਨ ਦੀਆਂ ਰਿਪੋਰਟਾਂ ਅਤੇ ਵੀਡੀਓਜ਼ ਨੇ ਚੁਣੇ ਹੋਏ ਪ੍ਰਤੀਨਿਧੀਆਂ ਵਿਰੁੱਧ ਤਾਕਤ ਦੀ ਵਰਤੋਂ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ ਜਦ ਕਿ ਇਹ ਇਕ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਸੀ। ਓਵਰਸੀਜ਼ ਕਾਂਗਰਸ ਅਨੁਸਾਰ, ਸ਼ਾਂਤੀਪੂਰਨ ਇਕੱਠ, ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦਾ ਅਧਿਕਾਰ ਇੱਕ ਲੋਕਤੰਤਰੀ ਸਮਾਜ ਦੀ ਨੀਂਹ ਹੈ। ਸੰਗਠਨ ਨੇ ਕਿਹਾ ਕਿ ਰਾਜਨੀਤਿਕ ਮਤਭੇਦਾਂ ਨੂੰ ਜ਼ਬਰਦਸਤੀ ਉਪਾਵਾਂ ਦੀ ਬਜਾਏ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਨਾਲ ਲੋਕਤੰਤਰੀ ਸੰਸਥਾਵਾਂ ਕਮਜ਼ੋਰ ਹੁੰਦੀਆਂ ਹਨ ਅਤੇ ਇੱਕ ਸੰਵਿਧਾਨਕ ਲੋਕਤੰਤਰ ਵਜੋਂ ਭਾਰਤ ਦੇ ਅਕਸ ਨੂੰ ਨੁਕਸਾਨ ਪਹੁੰਚ ਸਕਦਾ ਹੈ। ਅਬ੍ਰਾਹਮ ਨੇ ਕਿਹਾ ਹੈ ਕਿ ਲੋਕਤੰਤਰ ਦੀ ਅਸਲ ਪ੍ਰੀਖਿਆ ਇਹ ਨਹੀਂ ਹੈ ਕਿ ਇਹ ਸੱਤਾ ਵਿੱਚ ਬੈਠੇ ਲੋਕਾਂ ਨਾਲ ਕਿਵੇਂ ਪੇਸ਼ ਆਉਂਦਾ ਹੈ, ਸਗੋਂ ਇਹ ਉਨਾਂ ਨਾਲ ਕਿਵੇਂ ਪੇਸ਼ ਆਉਂਦਾ ਹੈ ਜੋ ਸੱਤਾ 'ਤੇ ਸਵਾਲ ਉਠਾਉਂਦੇ ਹਨ। ਓਵਰਸੀਜ਼ ਕਾਂਗਰਸ ਨੇ ਨਾਗਰਿਕਾਂ, ਸੰਸਥਾਵਾਂ ਅਤੇ ਸਿਵਲ ਸੋਸਾਇਟੀ ਸੰਗਠਨਾਂ ਨੂੰ ਲੋਕਤੰਤਰੀ ਸਿਧਾਂਤਾਂ ਦੀ ਰੱਖਿਆ ਕਰਨ ਅਤੇ ਬੁਨਿਆਦੀ ਆਜ਼ਾਦੀਆਂ ਦੇ ਕਿਸੇ ਵੀ ਖੋਰੇ ਦਾ ਵਿਰੋਧ ਕਰਨ ਦੀ ਵੀ ਅਪੀਲ ਕੀਤੀ ਹੈ।

# ਸਿਆਟਲ ਦੇ ਇੱਕ ਸਾਲਾਨਾ ਸਮਾਗਮ ਨੇੜੇ ਚੱਲੀ ਗੋਲੀ, ਦੋ ਦੀ ਮੌਤ




ਸਿਆਟਲ,: ਅਮਰੀਕਾ ਦੇ ਵਾਸ਼ਿੰਗਟਨ ਸੂਬੇ ਦੇ ਸਿਆਟਲ ਸ਼ਹਿਰ ਵਿੱਚ ਐਤਵਾਰ 26 ਜੁਲਾਈ ਸ਼ਾਮ ਨੂੰ ਸਿਆਟਲ ਸੈਂਟਰ ਨੇੜੇ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਦੋ ਸਾਲਾ ਬੱਚੇ ਸਮੇਤ ਘੱਟੋ-ਘੱਟ ਚਾਰ ਹੋਰ ਲੋਕ ਜ਼ਖ਼ਮੀ ਹੋ ਗਏ। ਇਸ ਘਟਨਾ ਕਾਰਨ ਸ਼ਹਿਰ ਦੇ ਸਭ ਤੋਂ ਵੱਡੇ ਸਾਲਾਨਾ ਸਮਾਗਮਾਂ ਵਿੱਚੋਂ ਇੱਕ ਬਾਈਟ ਆਫ਼ ਸਿਆਟਲ ਫੈਸਟੀਵੈਲ ਵਿੱਚ ਭਗਦੜ ਮਚ ਗਈ ਅਤੇ ਇਲਾਕੇ ਵਿੱਚ ਵੱਡੇ ਪੱਧਰ 'ਤੇ ਐਮਰਜੈਂਸੀ ਕਾਰਵਾਈ ਕੀਤੀ ਗਈ।

ਅਧਿਕਾਰੀਆਂ ਮੁਤਾਬਕ ਗੋਲੀਬਾਰੀ ਸਥਾਨਕ ਸਮੇਂ ਅਨੁਸਾਰ ਸ਼ਾਮ ਕਰੀਬ 6 ਵਜੇ ਸਿਆਟਲ ਸੈਂਟਰ ਨੇੜੇ ਹੋਈ। ਇਹ ਥਾਂ ਮਸ਼ਹੂਰ ਸਪੇਸ ਨੀਡਲ ਤੋਂ ਸਿਰਫ਼ ਇੱਕ ਬਲਾਕ ਦੀ ਦੂਰੀ 'ਤੇ ਹੈ, ਜਿੱਥੇ ਬਾਈਟ ਆਫ਼ ਸਿਆਟਲ ਮੇਲੇ ਵਿੱਚ ਹਜ਼ਾਰਾਂ ਲੋਕ ਇਕੱਠੇ ਹੋਏ ਸਨ। ਇਸ ਮੇਲੇ ਵਿੱਚ ਸੈਂਕੜੇ ਖਾਣ-ਪੀਣ ਦੇ ਸਟਾਲ, ਸੰਗੀਤਕ ਪੇਸ਼ਕਾਰੀਆਂ ਅਤੇ ਪਰਿਵਾਰਾਂ ਲਈ ਕਈ ਮਨੋਰੰਜਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਸੀ।

ਸਿਆਟਲ ਫਾਇਰ ਬ੍ਰਿਗੇਡ ਵਿਭਾਗ ਨੇ ਦੱਸਿਆ ਕਿ ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਐਮਰਜੈਂਸੀ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਬਚਾਅ ਯਤਨਾਂ ਦੇ ਬਾਵਜੂਦ ਦੋ ਵਿਅਕਤੀਆਂ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਚਾਰ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿਨ੍ਹਾਂ ਵਿੱਚ ਇੱਕ ਦੋ ਸਾਲਾ ਬੱਚਾ ਵੀ ਸ਼ਾਮਿਲ ਹੈ। ਸਾਰੇ ਜ਼ਖ਼ਮੀਆਂ ਨੂੰ ਗੋਲੀਆਂ ਲੱਗੀਆਂ ਹਨ। ਇੱਕ ਹੋਰ ਔਰਤ ਦਾ ਮੌਕੇ 'ਤੇ ਇਲਾਜ ਕੀਤਾ ਗਿਆ, ਪਰ ਉਸ ਨੇ ਹਸਪਤਾਲ ਜਾਣ ਤੋਂ ਇਨਕਾਰ ਕਰ ਦਿੱਤਾ। ਹਾਰਬਰਵਿਊ ਮੈਡੀਕਲ ਸੈਂਟਰ ਨੇ ਦੱਸਿਆ ਕਿ ਇੱਕ ਔਰਤ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਦਕਿ ਹੋਰ ਜ਼ਖ਼ਮੀਆਂ ਦੇ ਹੱਥ, ਲੱਤ, ਪੇਟ ਅਤੇ ਹੇਠਲੇ ਅੰਗਾਂ 'ਤੇ ਗੋਲੀਆਂ ਲੱਗੀਆਂ ਹਨ। ਡਾਕਟਰ ਉਨ੍ਹਾਂ ਦਾ ਇਲਾਜ ਕਰ ਰਹੇ ਹਨ।


LOVELY SWEET SHOP & RESTAURANT and BANQUET HALL

Dine In
Take Out

Breakfast Special Combo
10 am to 3pm
Prantha Plate
Choose 2 pranthas from Aloo/Gobhi or Mooli
With curd, butter and pickle

ਸਪੈਸ਼ਲ:ਚਾਟ ਪਾਪੜੀ,ਭੱਲੇ, ਚਨਾ ਕੁਲਚਾ

ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ






| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
| Nan | ਤੰਦੂਰੀ ਚਿਕਨ |
| Parantha | ਚਿਕਨ ਟਿੱਕਾ |
| Onion Nan | ਫਿਸ਼ ਤੰਦੂਰੀ |
| Garlic Nan | ਪਨੀਰ ਟਿੱਕਾ |
| Lacha Parantha | ਸੀਖ ਕਬਾਬ |
| Special Nan | |

| ਫਰੈਸ਼ ਵੈਜੀ ਡਿਸ਼ਾਂ | ਖਾਣੇ ਵਿਚ ਸਪੈਸ਼ਲ |
|---|---|
| ਸ਼ਾਹੀ ਪਨੀਰ | Butter Chicken |
| ਚਿਲੀ ਪਨੀਰ | Goat Curry |
| ਕੜਾਹੀ ਪਨੀਰ | Lamb Curry |
| ਦਾਲ ਮਖਣੀ | Chicken Curry |
| ਭਿੰਡੀ ਮਸਾਲਾ | Chicken Kadahi |
| ਮਿਕਸ ਵੈਜੀ | Chilli Chicken |

ਚਰਨਜੀਤ ਸਿੰਘ ਢਿਲੋਂ
604-591-6660
604-591-6888
ਵੈਜੀ ਅਤੇ ਨਾਨ ਵੈਜੀ ਦਾ ਪੂਰਾ ਖਿਆਲ ਰੱਖਦੇ ਹਾਂ
50 Person to 200 Person Party Hall

ਗੁਰਦੁਆਰਾ, ਮੰਦਰ, ਪਾਰਕ ਜਾਂ ਘਰ ਜਾ ਕੇ ਪੂਰੇ ਬੀ.ਸੀ ਵਿਚ ਤੰਦੂਰ ਲਾ ਕੇ ਜਿੰਨੇ ਮਰਜੀ ਬੰਦਿਆਂ ਲਈ ਤਾਜਾ ਖਾਣਾ ਬਣਾਉਂਦੇ ਹਾਂ

ਕੇਟਰਿੰਗ ਸਪੈਸ਼ਲ

7168-128th St Surrey
Open Everyday 10am - 10pm



MORTGAGE
Purchase-Refinance-Renewal
SPECIAL RATES - INSURED
3.89%*
5 Years Fixed
First Time Buyers - Cash Back upto $4,000*

*Limited Time Offer. Conditions Apply

Bank upon our 30 Years of Banking Experience
Bank of Montreal
Surrey & Abbotsford
UCO Bank
London UK, Moga, Alamgir





Raj Gill, AMP
VANCOUVER
Unit 200-6330 Fraser St
E: airraj@shaw.ca
Ph.: 604 564 1000

Our Symbol of Care & Service
Superior Mortgage
The Banking Alternative
www.QUICKAPPROVAL.ca

Sharnjit S Gill, AMP
SURREY
Unit 244 8138 128 St,
E: sharnjitgill@shaw.ca
Ph.: 604 507 1000




## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW
GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
-SIJ Guardianship Cases
- Car Accidents/Personal Injury
- Evictions

ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

Add: 13106 S. East 240th St., #110, Kent, WA 98031

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ

# USA TRAVEL

## FLY from Seattle to India

We Represent All Major Airlines

TURKISH AIRLINES

QATAR AIRWAYS القطرية

DELTA

Emirates

Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com

*India Special FARES*

USA Travel Services is your one-stop shop for all of your travel needs.

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ
ਅਤੇ ਪਾਸਪੋਰਟ ਬਣਵਾਉ


OPEN 6 DAYS A WEEK,
TUESDAY CLOSED
OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm
The Only True Punjabi (Indian) Vegetarian In Renton
New Pabla Ready To Eat Frozen Cuisine Available
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ
ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।
Pabla Indian Cuisine
Phone: 425-228-4625
Fax: 425-228-4629
Serving Washington for 27 years.
www.pablacuisine.com
pablacuisine@gmail.com


PABLA PUNJABI PALACE
2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for
1200 people
ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559
Email: pablajas@yahoo.com


PIZZA STATION
15300 33rd Ave S. Suite130, Seatac WA
10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।
PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com


Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
PUNJAB GUARDIAN
www.punjabguardian.com
Call to Advertise 604-590-5200


Boulevard Market
ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।
Opening Hours: 9 am to 9 pm (7Days Week)
PH:206-644-4010


TEAM ARMY
REAL ESTATE
Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।
MORTGAGE
Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ
Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com
Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery




FREE PANI-PURI
FRI-SUN (12PM 5PM)
ONLY 4 Pani Puri/CUSTOMER



ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

Kaurs
Tax And Accounting
Trucking Compliance
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

Professional Assistance Filling
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

Tax Services
- Tax Filing & Planning
- Personal & Business
- Notary Public
- Payroll Service

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa
Ph:206-472-9602
702 S Hill Park Dr
Suite 202
Puyallup, WA 98373
accounting@kaurs.net
trucking@kaurs.net
Web:www.kaurs.net

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

·CONVENTIONAL ·FHA ·VA Loans ·30YR/15YR/10YR FIXED ·DSCR
·P&L ·30 DAY SOFR ARM ·1099 PROGRAM ·7/6 SOFR ARMS
·LOT/CUSTOM CONSTRUCTION LOAN AVAILABLE
·24/12 BANK STATEMENT LOANS



KESSHAV SHARMA
BRANCH MANAGER

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
WEST CAPITAL LENDING

Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

Ready to grow your business?
Count on us for solutions.



Gifty Singh
Bellevue
400 112th Ave NE
206-909-5226
BANNER BANK
bannerbank.com Member FDIC

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
*5830 B, Grove St, Marysville, WA*
*(Inside Shell Gas Station Plaza)*
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516

LANCER TRUCKING LLC
21307-116TH AVE SE, KENT, WA 98031-2206
Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE BEER AVAILABLE



ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870